# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com


Mob: 98772-46588, +1 (418) 887-0162

Epaper World Punjabi Times | 15 ਨਵੰਬਰ 2023 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਇਟਲੀ ਦੇ ਇਤਿਹਾਸ ਵਿੱਚ ਪਹਿਲਾ ਅੰਮ੍ਰਿਤਧਾਰੀ ਸਿੱਖ ਬਣਿਆਂ ਸਿਵਲ ਪਰੋਟੈਕਸ਼ਨ ਦੀ ਨੋਵੇਲਾਰਾ,ਇਕਾਈ ਦਾ ਪ੍ਰਧਾਨ

### ਭੁਪਿੰਦਰ ਸਿੰਘ ਸੋਨੀ ਨੂੰ ਚੁਣਿਆ ਗਿਆ 3 ਸਾਲਾਂ ਲਈ ਪ੍ਰਧਾਨ

ਵਰਲਡ ਪੰਜਾਬੀ ਟਾਈਮਜ਼
ਨਵਜੋਤ ਢੀਂਡਸਾ





ਮਿਲਾਨ, 15 ਨਵੰਬਰ : ਸਿੱਖ ਕੌਮ ਗੁਰੂ ਸਾਹਿਬਾਨਾਂ ਦੇ ਮਨੁੱਖਤਾ ਦੀ ਸੇਵਾ ਦੇ ਦੱਸੇ ਮਾਰਗ ‘ਤੇ ਚੱਲ ਕੇ ਸਾਰੀ ਦੁਨੀਆਂ ਵਿੱਚ ਹੀ ਮੱਲਾਂ ਮਾਰ ਰਹੀ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ ਇਟਲੀ ਵਿੱਚ ਪਿਛਲੇ 22 ਸਾਲਾਂ ਤੋਂ ਰਹਿ ਰਹੇ ਅੰਮ੍ਰਿਤਧਾਰੀ ਸਿੱਖ ਨੌਜਵਾਨ ਭੁਪਿੰਦਰ ਸਿੰਘ ਸੋਨੀ ਨੇ ਇਟਲੀ ਦੇ ਇਤਿਹਾਸ ਵਿੱਚ ਇੱਕ ਨਵਾਂ ਮੀਲ ਪੱਥਰ ਗੱਡਿਆ ਹੈ। ਭਾਈ ਸੋਨੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 13 ਨਵੰਬਰ ਨੂੰ ਸਿਵਲ ਪ੍ਰੋਟੈਕਸ਼ਨ ਨੋਵੇਲਾਰਾ ਦੀ ਹੋਈ ਮੀਟਿੰਗ ਵਿੱਚ ਉਹਨਾਂ ਨੂੰ ਸਿਵਲ ਪ੍ਰੋਟੈਕਸ਼ਨ ਨੂਬੇਲਾਰੀਆ,(ਨੋਵੇਲਾਰਾ ) ਦਾ 3 ਸਾਲਾਂ ਲਈ ਪ੍ਰੈਜ਼ੀਡੈਂਟ ਚੁਣਿਆ ਗਿਆ ਹੈ। ਉਹ ਪਿਛਲੇ ਦਸ ਸਾਲਾਂ ਤੋਂ ਜਦੋਂ ਤੋਂ ਇਹ ਸੰਸਥਾ ਇਸ ਸ਼ਹਿਰ ਵਿੱਚ ਹੋਂਦ ਵਿੱਚ ਆਈ ਹੈ ਇਸ ਸੰਸਥਾ ਨਾਲ ਜੁੜੇ ਹੋਏ ਹਨ। ਉਹਨਾਂ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਉਹਨਾਂ ਨੂੰ ਇਹ ਜਿੰਮੇਵਾਰੀ ਸੌਂਪੀ ਗਈ ਹੈ। ਇੱਥੇ ਦੱਸਣ ਯੋਗ ਹੈ ਕਿ ਭੁਪਿੰਦਰ ਸਿੰਘ ਸੋਨੀ ਸਿੱਖੀ ਸਰੂਪ ਵਿੱਚ ਹੀ ਸੇਵਾ ਨਿਭਾਉਂਦੇ ਆ ਰਹੇ ਹਨ। ਅੱਗੇ ਜਾਣਕਾਰੀ ਦਿੰਦੇਆ ਦੱਸਿਆ ਕਿ ਉਹਨਾਂ ਨੇ ਹਮੇਸ਼ਾ ਸਿੱਖੀ ਸਿਧਾਤਾਂ ਅਨੁਸਾਰ ਸੇਵਾ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਹੁਣ ਅੱਗੇ ਤੋਂ ਵੀ ਉਹ ਸਿੱਖੀ ਦੇ ਸਿਧਾਂਤ ਨੂੰ ਕਾਇਮ ਰੱਖਦੇ ਹੋਏ ਹੀ ਸੇਵਾ ਕਰਦੇ ਰਹਿਣਗੇ ਅਤੇ ਇਹ ਜੋ ਕਿਰਪਾ ਕੀਤੀ ਹੈ ਇਹ ਵਾਹਿਗੁਰੂ ਸੱਚੇ ਪਾਤਸ਼ਾਹ ਨੇ ਕੀਤੀ ਹੈ ਅਤੇ ਉਹ ਵਾਹਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕਰਦੇ ਹਨ। ਜ਼ਿਕਰਯੋਗ ਹੈ ਕਿ ਇਹ ਸੰਸਥਾ ਕਿਸੇ ਵੀ ਕੁਦਰਤੀ ਆਫਤ ਦਾ ਟਾਕਰਾ ਕਰਨ ਲਈ ਹਮੇਸ਼ਾ ਤਿਆਰ ਰਹਿੰਦੀ ਹੈ ਅਤੇ ਖਾਸ ਕਰਕੇ ਹੜ੍ਹਾਂ ਅਤੇ ਭੁਚਾਲ ਵਰਗੀਆਂ ਸਥਿਤੀਆਂ ਵਿੱਚ ਇਹਨਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ।ਸਾਲ 2020 ਵਿੱਚ ਕੋਵਿਡ ਦੌਰਾਨ ਵੀ ਇਹਨਾਂ ਨੇ ਅਹਿਮ ਭੂਮਿਕਾ ਨਿਭਾਈ ਸੀ।ਇਸ ਗਰੁੱਪ ਵਿੱਚ ਜੌਰਜੀਉ ਸਾਲਾਤੀ ਨੂੰ ਵਾਇਸ ਪ੍ਰੈਜ਼ੀਡੈਂਟ ਅਤੇ ਸਤੇਫਾਨੀਆਂ ਬਾਨੀ ਨੂੰ ਸੈਕਟਰੀ ਚੁਣਿਆ ਗਿਆ ਹੈ।

## ਤਰਕਸ਼ੀਲਾਂ ਵੱਲੋਂ ਇਕਾਈ ਸੰਗਰੂਰ ਦਾ ਚੇਤਨਾ ਪਰਖ ਪ੍ਰੀਖਿਆ ਦਾ ਨਤੀਜਾ ਐਲਾਨਿਆ

### ਪ੍ਰੀਖਿਆ ਵਿੱਚ ਕੁੜੀਆਂ ਰਹੀਆਂ ਮੋਹਰੀ

### ਚੇਤਨਾ ਪ੍ਰੀਖਿਆ ਵਿੱਚ ਵੱਧਦਾ ਰੁਝਾਨ ਵਿਗਿਆਨਕ ਵਿਚਾਰਾਂ ਦੇ ਪਸਾਰੇ ਲਈ ਵਧੀਆ ਸੰਕੇਤ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਸੰਗਰੂਰ 15 ਨਵੰਬਰ : ਵਿਦਿਆਰਥੀਆਂ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ ਤੋਂ ਮੁਕਤ ਕਰਨ ਦੇ ਮਕਸਦ ਨੂੰ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਜਾਂਦੀ ਹੈ। ਐਤਕੀ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸੰਸਾਰ ਪ੍ਰਸਿੱਧ ਜੀਵ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਸੀ।ਅਜ ਤਰਕਸ਼ੀਲ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰ ਪਾਲ,ਸੀਤਾ ਰਾਮ, ਕ੍ਰਿਸ਼ਨ ਸਿੰਘ, ਸਵਰਨਜੀਤ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ,ਗੁਰਦੀਪ ਸਿੰਘ ਲਹਿਰਾ, ਜਸਦੇਵ ਸਿੰਘ, ਪਰਮਿੰਦਰ ਸਿੰਘ, ਕਰਤਾਰ ਸਿੰਘ ਤੇ ਪ੍ਰਲਾਦ ਸਿੰਘ ਆਧਾਰਿਤ ਤਰਕਸ਼ੀਲ ਟੀਮ ਨੇ ਨਤੀਜਾ ਘੋਸ਼ਿਤ ਕਰਦਿਆਂ ਦੱਸਿਆ ਕਿ ਸੂਬੇ ਵੱਲੋਂ ਹਰੇਕ ਜਮਾਤ ਦੇ ਪਹਿਲੇ ਤਿੰਨ ਸਥਾਨ ਤੇ ਰਹੇ ਵਿਦਿਆਰਥੀਆਂ ਆਧਾਰਿਤ ਸੂਬਾ ਪੱਧਰੀ ਮੈਰਿਟ ਬਣਾਈ ਹੈ , ਉਸ ਤੋਂ ਅਗਲੇ ਹਰੇਕ ਜਮਾਤ ਦੇ ਦੋ ਸਥਾਨ ਤੇ ਰਹਿਣ ਵਾਲੇ ਵਿਦਿਆਰਥੀ ਜ਼ੋਨ ਪੱਧਰੀ ਮੈਰਿਟ ਸੂਚੀ ਵਿੱਚ ਹਨ ਤੇ ਸੂਬੇ ਦੇ ਫੈਸਲੇ ਅਨੁਸਾਰ ਉਸਤੋਂ ਅਗਲੇ ਛੇਵੀਂ ਤੋਂ ਬਾਰ੍ਹਵੀਂ ਹਰੇਕ ਜਮਾਤ ਦੇ 100 ਪਿੱਛੇ ਚਾਰ ਬੱਚਿਆਂ ਨੂੰ ਇਕਾਈ ਪੱਧਰ ਤੇ ਸਨਮਾਨਿਤ ਕਰਨ ਦਾ ਫੈਸਲਾ ਹੈ ਪਰ ਇਕਾਈ ਸੰਗਰੂਰ ਨੇ 100 ਪਿੱਛੇ ਪਹਿਲੇ 6 ਸਥਾਨਾਂ ਤੇ ਰਹੇ ਬੱਚਿਆਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ।ਇਕਾਈ ਸੰਗਰੂਰ ਵੱਲੋਂ 17 ਦਸੰਬਰ ਨੂੰ ਤਕਰੀਬਨ 80 ਵਿਦਿਆਰਥੀਆਂ ਨੂੰ ਤੇ ਸਹਿਯੋਗ ਕਰਨ ਵਾਲੇ ਸਕੂਲ ਮੁਖੀਆਂ, ਅਧਿਆਪਕਾਂ ਨੂੰ ਇੱਕ ਵਿਸ਼ੇਸ਼ ਸਮਾਗਮ ਕਰਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਸਮੁਚੀ ਮੈਰਿਟ ਲਿਸਟ ਛੇਤੀ ਹੀ ਪ੍ਰਕਾਸ਼ਤ ਕਰ ਦਿੱਤੀ ਜਾਵੇਗੀ। ਉਨ੍ਹਾਂ ਇਕਾਈ ਦੇ ਹਰੇਕ ਜਮਾਤ ਵਿਚ ਪਹਿਲੇ ਤਿੰਨ ਸਥਾਨਾਂ ਤੇ ਆਏ ਵਿਦਿਆਰਥੀਆਂ ਬਾਰੇ ਦੱਸਿਆ ਕਿ ਥਲੇਸ ਸਕੂਲ ਦੀ ਛੇਵੀਂ ਜਮਾਤ ਦੀ ਬੱਚੀ ਪ੍ਰਭਜੋਤ ਕੌਰ ( 60)ਪਹਿਲੇ ਸਥਾਨ ਤੇ, ਭਵਾਨੀਗੜ੍ਹ ਗਰਲਜ਼ ਸਕੂਲ ਦੀ ਅਵਨੀਤ ਕੌਰ (57) ਦੂਜੇ ਸਥਾਨ ਤੇ ਬਡਰੁੱਖਾਂ ਦੀ ਤਨਵੀਰ ਕੌਰ (53)

ਤੀਜੇ ਸਥਾਨ, ਸਤਵੀਂ ਜਮਾਤ ਵਿੱਚ ਸੰਗਤਪੁਰਾ ਸਕੂਲ ਦਾ ਨਿਰਮਲ ਸਿੰਘ (66) ਪਹਿਲੇ ਸਥਾਨ ਤੇ,ਬਲਿਆਲ ਸਕੂਲ ਦੀ ਹਰਮਨਪ੍ਰੀਤ(64 )ਦੂਜੇ ਸਥਾਨ ਤੇ,ਗਾਗੇ ਸਕੂਲ ਦੀ ਸਾਹਿਲਪ੍ਰੀਤ ਕੌਰ (62)ਤੀਜੇ ਸਥਾਨ ਤੇ ਰਹੀ, ਅੱਠਵੀਂ ਜਮਾਤ ਵਿੱਚ ਮਹਿਲਾਂ ਸਕੂਲ ਦੀ ਗਗਨਦੀਪ ਕੌਰ (87)ਪਹਿਲੇ ਸਥਾਨ ਤੇ,ਲਾ -ਫਾਊਂਡੇਸ਼ਨ ਸਕੂਲ ਸੰਗਰੂਰ- ਦੀ ਵੰਸ਼ਕਾ(75 )ਦੂਜੇ ਸਥਾਨ ਤੇ, ਮਹਿਲਾਂ ਸਕੂਲ ਦੀ ਮਨਪ੍ਰੀਤ ਕੌਰ (71)ਤੀਜੇ ਸਥਾਨ ਤੇ, ਨੌਵੀਂ ਜਮਾਤ ਵਿੱਚ ਬਚਪਨ ਸਕੂਲ ਦੀ ਕਸ਼ਿਸ਼ (81)ਪਹਿਲੇ ਸਥਾਨ ਤੇ ਥਲੇਸ ਸਕੂਲ ਦੀ ਸਿਮਰਨਜੀਤ ਕੌਰ(76) ਦੂਜੇ ਸਥਾਨ ਤੇ, ਥਲੇਸ ਸਕੂਲ ਦੀ ਪ੍ਰਭਜੋਤ ਕੌਰ(75 )ਤੀਜੇ ਸਥਾਨ ਤੇ, ਦਸਵੀਂ ਜਮਾਤ ਵਿੱਚ ਮੰਗਵਾਲ ਸਕੂਲ ਅਨਮੋਲਦੀਪ ਕੌਰ(83 )ਤੇ ਬਾਲੀਆਂ ਸਕੂਲ ਦਾ ਭਰਬਜੋਤ (83 )ਪਹਿਲੇ ਸਥਾਨ ਤੇ ,ਚੂੜਲ ਸਕੂਲ ਦਾ ਸਤਿਗੁਰ ਸਿੰਘ (81)ਤੀਜੇ ਸਥਾਨ ਤੇ,ਗਿਆਰਵੀਂ ਜਮਾਤ ਵਿੱਚ ਮਹਿਲਾਂ ਸਕੂਲ ਦੀ ਤਮੰਨਾ ਬਾਵਾ (76)ਪਹਿਲੇ ਸਥਾਨ ਤੇ, ਭਲਵਾਨ ਸਕੂਲ ਦੀ ਅਰਸ਼ਦੀਪ ਕੌਰ(75) ਦੂਜੇ ਸਥਾਨ ਤੇ, ਭਵਾਨੀਗੜ੍ਹ ਗਰਲਜ਼ ਸਕੂਲ ਦੀ ਅਨੰਤ ਕੌਰ (69)ਤੀਜੇ ਸਥਾਨ ਤੇ,ਬਾਰਵੀਂ ਜਮਾਤ ਵਿੱਚ ਰਾਜ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਦਾ ਵਿਦਿਆਰਥੀ ਚਿਰਾਗ ਸਿੰਗਲਾ(89) ਪਹਿਲੇ ਤੇ ,ਰਾਜ ਸਕੂਲ ਦਾ ਅਭਿਸ਼ੇਕ ਸਿੰਘ(79) ਦੂਜੇ ਤੇ ਬਡਰੁੱਖਾਂ ਸਕੂਲ ਦੀ ਸਗਨਦੀਪ ਕੌਰ(79) ਤੀਜੇ ਸਥਾਨ ਨੰਬਰ ਤੇ ਰਹੀ

ਆਗੂਆਂ ਦੱਸਿਆ ਕਿ ਇਕਾਈ ਸੰਗਰੂਰ ਦੇ ਗਾਗੇ ਸਕੂਲ ਦੇ ਵਿਦਿਆਰਥੀ ਮਨਪ੍ਰੀਤ ਸਿੰਘ ਨੇ ਨੌਵੀਂ ਜਮਾਤ ਵਿੱਚ 96 % ਅੰਕ ਪ੍ਰਾਪਤ ਕਰਕੇ ਸੂਬੇ ਵਿੱਚ ਦੂਜਾ ਸਥਾਨ ,ਇਸੇ ਤਰ੍ਹਾਂ ਲਾ -ਫਾਊਂਡੇਸ਼ਨ ਸਕੂਲ ਸੰਗਰੂਰ ਦੇ ਵਿਦਿਆਰਥੀ ਸਾਹਿਬਜੋਤ ਸਿੰਘ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਸਕੂਲ ਦੀ ਵਿਦਿਆਰਥਣ ਮੁਸਕਾਨ ਨੇ ਅੱਠਵੀਂ ਜਮਾਤ ਵਿੱਚ 89-89 ਅੰਕ ਪ੍ਰਾਪਤ ਕਰਕੇ ਜ਼ੋਨ ਬਰਨਾਲਾ -ਸੰਗਰੂਰ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਆਗੂਆਂ ਨੇ ਦੱਸਿਆ ਕਿ ਜੇਤੂ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਸਮਾਗਮ ਵਿੱਚ ਵਿਗਿਆਨਕ ਵਿਚਾਰਾਂ ਵਾਲੀਆਂ ਕਿਤਾਬਾਂ ,ਪੜ੍ਹਨ ਸਮੱਗਰੀ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

।ਇਸਤੋਂ ਇਲਾਵਾ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਹਰੇਕ ਵਿਦਿਆਰਥੀ ਨੂੰ ਸੰਬੰਧਿਤ ਸਕੂਲਾਂ ਵਿੱਚ ਜਾ ਕੇ ਸਨਮਾਨ ਪੱਤਰ ਦਿੱਤੇ ਜਾਣਗੇ।

## ਵਿਸ਼ਵ ਸ਼ੂਗਰ ਦਿਵਸ ਮੌਕੇ ਸਿਹਤ ਵਿਭਾਗ ਫਰੀਦਕੋਟ ਵੱਲੋ ਜਾਗਰੂਕਤਾ ਕੈਪ ਦਾ ਆਯੋਜਨ

### ਹਰ ਦਸਵਾਂ ਵਿਅਕਤੀ ਸ਼ੂਗਰ ਦੀ ਬਿਮਾਰੀ ਤੋ ਪੀੜਤ- ਡਾ ਚੰਦਰ ਸ਼ੇਖਰ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫ਼ਰੀਦਕੋਟ,15 ਨਵੰਬਰ : ਵਿਸ਼ਵ ਸ਼ੂਗਰ ਦਿਵਸ ਮੌਕੇ ਸਿਹਤ ਵਿਭਾਗ ਫ਼ਰੀਦਕੋਟ ਵੱਲੋ ਸਿਵਲ ਸਰਜਨ ਡਾ ਅਨਿਲ ਗੋਇਲ ਦੀ ਅਗਵਾਈ ਹੇਠ ਆਮ ਲੋਕਾਂ ਨੂੰ ਸ਼ੂਗਰ ਵਰਗੀ ਨਾਮੁਰਾਦ ਬਿਮਾਰੀ ਤੋਂ ਬਚਾਉਣ ਲਈ ਜ਼ਿਲ੍ਹੇ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਖੇ ਜਾਗਰੂਕ ਮੁਹਿੰਮ ਸ਼ੁਰੂ ਕੀਤੀ ਗਈ ਹੈ, ਇਸੇ ਕੜੀ ਤਹਿਤ ਅੱਜ ਸਿਵਲ ਹਸਪਤਾਲ ਫ਼ਰੀਦਕੋਟ ਵਿੱਖੇ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ ਚੰਦਰ ਸ਼ੇਖਰ ਨੇ ਦੱਸਿਆ ਕਿ ਸ਼ੂਗਰ ਬਿਮਾਰੀ ਹੋਣ ਦਾ ਮੁੱਖ ਕਾਰਨ ਖਾਣ ਪੀਣ ਦੀਆਂ ਗਲਤ ਆਦਤਾਂ, ਮੋਟਾਪਾ, ਸ਼ਰੀਰਕ ਮਿਹਨਤ ਜਾਂ ਕਸਰਤ ਬਿਲਕੁੱਲ ਨਾ ਕਰਨਾ ਆਦਿ ਹਨ। ਸਿਗਰਟਨੋਸ਼ੀ, ਸ਼ਰਾਬ ਜਿਆਦਾ ਪੀਣ ਨਾਲ ਵੀ ਸ਼ੂਗਰ ਦਾ ਖਤਰਾ ਵੱਧ ਜਾਂਦਾ ਹੈ। ਸ਼ੂਗਰ ਬਿਮਾਰੀ ਦੇ ਮੁੱਖ ਲੱਛਣ ਵਾਰ ਵਾਰ ਭੁੱਖ ਪਿਆਸ ਲੱਗਣਾ, ਵਾਰ ਵਾਰ ਪਿਸ਼ਾਬ ਆਉਣਾ, ਸ਼ਰੀਰਕ ਜਖਮਾਂ ਦਾ ਠੀਕ ਨਾ ਹੋਣਾ, ਸ਼ਰੀਰਕ ਥਕਾਵਟ ਰਹਿਣੀ ਆਦਿ ਹਨ।ਉਨਾਂ ਦੱਸਿਆ ਕਿ ਸੂਗਰ ਦਿਵਸ ਮਨਾਉਣ ਦਾ ਸਾਡੇ ਜੀਵਨ ਲਈ ਬਹੁਤ ਹੀ ਜਿਆਦਾ ਮਹੱਤਵ ਹੈ ਇਹ ਬਿਮਾਰੀ ਸਰੀਰ ਤੇ ਸਾਈਲੈਂਟ ਅਟੈਕ ਕਰਦੀ ਹੈ ਪਹਿਲਾ ਇਹ ਬਿਮਾਰੀ 40 ਸਾਲ ਦੀ ਉਮਰ ਤੋ ਵੱਧ ਦੇ ਵਿਅਕਤੀਆ ਨੂੰ ਹੁੰਦੀ ਸੀ ਪ੍ਰੰਤੂ ਹੁਣ 20 ਤੋ 22 ਦੀ ਉਮਰ ਦੇ ਵਿਅਕਤੀਆ ਵਿੱਚ ਵੀ ਸੂਗਰ ਦੀ ਬਿਮਾਰੀ ਹੋ ਰਹੀ ਹੈ, ਸੂਗਰ ਹੋਣ ਦੇ ਮੁੱਖ ਤਿੰਨ ਕਾਰਣ ਖਾਣੇ ਵਿੱਚ ਜੰਕ ਫੂਡ ਦੀ ਵਰਤੋ, ਸਰੀਰਕ ਕਸਰਤ ਨਾ ਕਰਨਾ, ਨਿਸ਼ਚਿਤ ਸਮੇ ਤੇ ਰੋਜਾਨਾ ਦਾ ਭੋਜਨ ਨਾ ਕਰਨਾ ਹੈ। ਡਾਇਬਿਟੀਜ ਦੇ ਅਧਾਰ ਹੋਈ ਇੱਕ ਸਟੱਡੀ ਦੇ ਅਨੁਸਾਰ ਭਾਰਤ ਵਿੱਚ 10 ਕਰੋੜ ਲੋਕ ਭਾਵ 8 ਪ੍ਰਤੀਸ਼ਤ ਆਬਾਦੀ ਸੂਗਰ ਦੀ ਬਿਮਾਰੀ ਤੋ ਪੀੜਤ ਹੈ ਜੋ ਇੱਕ ਗੰਭੀਰ ਸਥਿਤੀ ਵੱਲ ਇਸ਼ਾਰਾ ਕਰ ਰਹੀ ਹੈ । ਜੇਕਰ ਸੂਗਰ ਦੀ ਬਿਮਾਰੀ ਦਾ ਪੀੜਤ ਵਿਅਕਤੀ ਨੂੰ ਪਤਾ ਨਹੀ ਤਾਂ ਇਹ ਅੱਖਾਂ, ਦਿਲ, ਪੈਰ ਦੀਆ ਨਸਾਂ ਅਤੇ ਗੁਰਦੇ ਖਰਾਬ ਹੋ ਸਕਦੇ ਹਨ ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਸੂਗਰ ਦੀ ਬਿਮਾਰੀ ਦੇ ਲੱਛਣ ਨਜਰ ਆਉਣ ਤਾਂ ਮਾਹਿਰ ਡਾਕਟਰ ਕੋਲ ਜਾ ਕੇ ਜਾਂਚ ਕਰਵਾਈ ਜਾਵੇ।



ਜਿਲ੍ਹਾ ਮਾਸ ਮੀਡੀਆ ਅਫ਼ਸਰ ਕੁਲਵੰਤ ਸਿੰਘ ਨੇ ਦੱਸਿਆ ਕਿ ਸਵੇਰੇ ਇੱਕ ਘੰਟਾ ਪੈਦਲ ਤੁਰਨਾ ਜਾਂ ਕਸਰਤ ਆਦਿ ਕਰਨ ਨਾਲ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਖੁਰਾਕ ਵਿਚ ਫਾਈਬਰ ਯੁਕਤ ਅਨਾਜ , ਮੌਸਮੀ ਫਲ ਅਤੇ ਹਰੀਆ ਸਬਜੀਆਂ ਗਾਜਰ, ਮੂਲੀ, ਪਾਲਕ, ਕਰੇਲੇ ਦਾ ਸੇਵਨ ਜਿਆਦਾ ਕਰਨਾ ਚਾਹੀਦਾ ਹੈ।ਜਿਨਾਂ ਖਾਣ ਪੀ ਣ ਦੀਆਂ ਚੀਜਾਂ ਨਾਲ ਸ਼ੂਗਰ ਦਾ ਲੈਵਲ ਤੁਰੰਤ ਵੱਧਦਾ ਹੈ ਜਿਵੇ ਕਿ ਜੂਸ, ਖੰਡ, ਬੇਕਰੀ ਪ੍ਰੋਡਕਟ, ਮਠਿਆਇ ਆਦਿ ਦੀ ਵਰਤੋ ਤੋ ਪ੍ਰਹੇਜ ਕੀਤਾ ਜਾਵੇ।

ਡਿਪਟੀ ਮਾਸ ਮੀਡੀਆ ਅਫਸਰ ਸੰਜੀਵ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋ ਸਬ ਸੈਟਰ ਪੱਧਰ, ਹੈਲਥ ਐਂਡ ਵੈੱਲਨੈਸ ਸੈਟਰਾਂ, ਆਮ ਆਦਮੀ ਕਲੀਨਿਕਾਂ,ਅਤੇ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਸੂਗਰ ਦੇ ਟੈਸਟ ਅਤੇ ਦਵਾਈਆਂ ਮੁਫਤ ਦਿੱਤੀਆਂ ਜਾਦੀਆ ਹਨ। 30 ਸਾਲ ਦੀ ਉਮਰ ਤੋ ਵੱਧ ਵਾਲੇ ਹਰੇਕ ਵਿਅਕਤੀ ਨੂੰ ਸਾਲ ਵਿੱਚ ਦੋ ਵਾਰ ਸ਼ੂਗਰ ਲੈਵਲ ਅਤੇ ਸਰੀਰਕ ਜਾਂਚ ਲਇ ਹੋਰ ਲੋੜੀਦੇ ਡਾਕਟਰ ਦੀ ਸਲਾਹ ਅਨੁਸਾਰ ਜਰੂਰ ਕਰਵਾਉਣੇ ਚਾਹੀਦੇ ਹਨ। ਇਸ ਮੌਕੇ ਡਾ ਨਿਰਮਲਜੀਤ ਸਿੰਘ ਬਰਾੜ , ਬੀ ਈ ਈ ਡਾ ਪ੍ਰਭਦੀਪ ਚਾਵਲਾ, ਚੀਫ ਫਾਰਮੈਸੀ ਅਫਸਰ ਗੁਰਮੀਤ ਸਿੰਘ , ਬਲਤੇਜ ਸਿੰਘ, ਕੌਸਲ ਕੁਮਾਰ ਹਾਜਰ ਸਨ।

## ਮਨਿਸਟੀਰੀਅਲ ਸਟਾਫ਼ ਦੀਆਂ ਮੰਗਾਂ ‘ਤੇ ਸੰਘਰਸ਼ ਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਨੇ ਕੀਤੀ ਪੂਰਨ ਹਮਾਇਤ : ਆਗੂ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 15 ਨਵੰਬਰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਐਕਟਿੰਗ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਸਰਪਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਤੇ ਕਰਤਾਰ ਸਿੰਘ ਪਾਲ, ਸੀਨੀਅਰ ਮੀਤ ਪ੍ਰਧਾਨ ਗੁਰਜੀਤ ਸਿੰਘ ਘੋੜੇ ਵਾਹ, ਗੁਰਪ੍ਰੀਤ ਸਿੰਘ ਮੰਗਵਾਲ, ਗੁਰਮੇਲ ਸਿੰਘ ਮੈਲੜੇ, ਵਿੱਤ ਸਕੱਤਰ ਮਨਜੀਤ ਸਿੰਘ ਗਿੱਲ, ਪ੍ਰੈਸ ਸਕੱਤਰ ਪ੍ਰਭਜੀਤ ਸਿੰਘ ਉਪਲ ਤੇ ਟਹਿਲ ਸਿੰਘ ਸਰਾਭਾ ਨੇ ਪਿਛਲੇ 8 ਨਵੰਬਰ ਤੋਂ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਜ ਯੂਨੀਅਨ ਵੱਲੋਂ ਆਪਣੀਆਂ ਹੱਕੀ ਅਤੇ ਜ਼ਾਇਜ਼ ਮੰਗਾਂ ਨੂੰ ਲੈਕੇ ਚੱਲ ਰਹੀ ਕਲਮ ਛੋੜ/ਕੰਪਿਊਟਰ ਬੰਦ/ਆਨ ਲਾਈਨ ਕੰਮ ਬੰਦ ਹੜਤਾਲ ਦੀ ਪੂਰਨ ਹਮਾਇਤ ਕਰਨ ਦਾ ਐਲਾਨ ਕੀਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਦਫਤਰੀ ਕਾਮਿਆਂ ਦੀ ਲੀਡਰਸ਼ਿਪ ਵੱਲੋਂ ਉਲੀਕੇ ਜਾਣ ਵਾਲੇ ਸਾਰੇ ਸੰਘਰਸ਼ਾਂ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਹੈ। ਆਗੂਆਂ ਨੇ ਭਗਵੰਤ ਮਾਨ ਸਰਕਾਰ ਵੱਲੋਂ ਦਫਤਰੀ ਕਾਮਿਆਂ ਅਤੇ ਸਮੁੱਚੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਧਾਰਨ ਕੀਤੇ ਗਏ ਬੇਸ਼ਰਮੀ ਅਤੇ ਹੱਠਧਰਮੀ ਵਾਲੇ ਰਵਈਏ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਬਿਨਾਂ ਕਿਸੇ ਹੋਰ ਦੇਰੀ ਤੁਰੰਤ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੀ ਸੂਬਾਈ ਲੀਡਰਸ਼ਿਪ ਅਤੇ ਸਮੂਹ ਸੰਘਰਸ਼ੀਲ ਲੋਕਾਂ, ਮੁਲਾਜ਼ਮਾਂ ਅਤੇ ਪੈਨਸ਼ਨਰ ਜੱਥੇਬੰਦੀਆਂ ਦੇ ਆਗੂਆਂ ਨਾਲ ਗੱਲਬਾਤ ਦਾ ਦੌਰ ਸ਼ੁਰੂ ਕਰਕੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀੜੇ ਗਏ ਸਾਰੇ ਚੋਣ ਵਾਅਦੇ ਅਤੇ ਸੰਘਰਸ਼ੀਲ ਲੋਕਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਲਮਕ ਅਵਸਥਾ ਵਿੱਚ ਪਏ ਸਾਰੇ ਮਸਲੇ ਹੱਲ ਕੀਤੇ ਜਾਣ। ਆਗੂਆਂ ਨੇ ਚਿਤਾਵਨੀ ਦਿੰਦਿਆਂ ਅੱਗੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਦਾ ਵਤੀਰਾ ਇਸੇ ਤਰ੍ਹਾਂ ਜਾਰੀ ਰਹਿੰਦਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਆਮ ਆਦਮੀ ਪਾਰਟੀ ਨੂੰ ਵੱਖ ਵੱਖ ਤਰਾਂ ਦੀਆਂ ਆ ਰਹੀਆਂ ਚੋਣਾਂ ਸਮੇਂ ਇਸ ਦਾ ਖਮਿਆਜਾ ਭੁਗਤਣਾ ਪਵੇਗਾ।

## ‘ਨੈਤਿਕ ਸਿੱਖਿਆ ਇਮਤਿਹਾਨ ਵਿੱਚ ਦਸਮੇਸ਼ ਗਲੋਬਲ ਸਕੂਲ ਦੇ ਬੱਚਿਆ ਨੇ ਮਾਰੀ ਬਾਜ਼ੀ’

### ਦਸਤਾਰ ਸਜਾਓ ਵਿੱਚ ਗਗਨਦੀਪ ਸਿੰਘ ਨੇ ਪਹਿਲਾ ਅਤੇ ਕਵਿਤਾ ਉਚਾਰਨ ਜੂਨੀਅਰ ਵਿੱਚ ਹਰਨੂਰ ਸਿੰਘ ਦਾ ਦੂਜਾ ਸਥਾਨ

### ਸੁੰਦਰ ਲਿਖਾਈ ਵਿੱਚ ਨਿਮਰਤਪਾਲ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 15 ਨਵੰਬਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋ 19 ਅਗਸਤ 2023 ਨੂੰ ਹਰ ਸਾਲ ਦੀ ਤਰ੍ਹਾਂ ਨੈਤਿਕ ਸਿੱਖਿਆ ਇਮਤਿਹਾਨ ਲਿਆ ਗਿਆ। ਜਿਸ ਵਿੱਚ 1430 ਸਕੂਲਾਂ ਦੇ ਇੱਕ ਲੱਖ ਵਿਦਿਆਰ ਥੀਆਂ ਨੇ ਹਿੱਸਾ ਲਿਆ। ਇਸ ਇਮਤਿਹਾਨ ਵਿੱਚ ਦਸਮੇਸ਼ ਗਲੋਬਲ ਸਕੂਲ ਬਰਗਾੜੀ ਦੇ 520 ਵਿਦਿਆਰਥੀਆਂ ਨੇ ਹਿੱਸਾ ਲਿਆ। ਇੱਕ ਇਮਤਿਹਾਨ ਨੂੰ ਤਿੰਨ ਭਾਗਾ ਵਿੱਚ ਦਰਜਾ ਸਹਿਤ ਵੰਡਿਆ ਗਿਆ। ਜਿਸ ਵਿੱਚੋਂ ਦਰਜਾ ਤੀਸਰਾ ਵਿੱਚ ਸਹਿਜਪ੍ਰੀਤ ਕੌਰ ਨੇ ਪਹਿਲਾ ਸਥਾਨ, ਦਰਜਾ ਦੂਸਰਾ ਵਿੱਚ ਸੁਖਰੀਤ ਕੌਰ ਤੇ ਤੀਸਰਾ ਸਥਾਨ, ਦਰਜਾ ਤੀਸਰਾਂ ਵਿੱਚ ਪਰਮਿੰਦਰ ਕੌਰ ਤੇ ਤੀਜਾ ਸਥਾਨ ਹਾਸਲ ਕੀਤਾ। ਦਰਜਾ ਪਹਿਲਾ ਵਿੱਚ ਹਰਜਾਪ ਕੌਰ ਨੇ ਪਹਿਲਾ ਤੇ ਨਵਜੋਤ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ। ਸਕੂਲ ਦੇ 20 ਵਿਦਿਆਰਥੀ ਮੈਰਿਟ ਵਿੱਚ ਆਏ ਅਤੇ ਦੋ ਵਿਦਿਆਰਥੀਆਂ ਅਭੈਜੋਤ ਸਿੰਘ ਬਰਾੜ ਤੇ ਨਵਰੀਤ ਕੌਰ ਨੂੰ ਹੌਸਲਾ ਵਧਾਊ ਇਨਾਮ ਵੀ ਦਿੱਤਾ ਗਿਆ। ਇਸੇ ਲੜੀ ਤਹਿਤ ਹੀ ਖੇਤਰ ਬਰਗਾੜੀ ਦਾ ਅੰਤਰ ਯੁਵਕ ਮੇਲਾ ਬਾਜਾਖਾਨਾ ਦੇ ਸਰਕਾਰੀ ਸਕੂਲ ਵਿੱਚ ਕਰਵਾਇਆ ਗਿਆ ਜਿਸ ਵਿੱਚ, ਦਸਤਾਰ ਸਜਾਉਣਾ, ਸੁੰਦਰ ਲਿਖਾਈ, ਪੇਂਟਿੰਗ, ਕੁਇੰਜ਼ ਭਾਸ਼ਣ ਅਤੇ ਕਵਿਤਾ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਫਿਰ ਦਸਮੇਸ਼ ਸਕੂਲ ਨੇ ਬਾਜ਼ੀ ਮਾਰਦਿਆ ਦਸਤਾਰ ਸਜਾਓ ਵਿੱਚ ਗਗਨਦੀਪ ਸਿੰਘ ਨੇ ਪਹਿਲਾ ਅਤੇ ਪ੍ਰੀਤਇੰਦਰ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। ਕਵਿਤਾ ਉਚਾਰਨ ਜੂਨੀਅਰ ਵਿੱਚ ਹਰਨੂਰ ਸਿੰਘ ਨੇ ਦੂਸਰਾ ਸਥਾਨ, ਸੀਨੀਅਰ ਵਿੱਚ ਸਹਿਜਪ੍ਰੀਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ, ਆਰਟ ਅਤੇ ਸੁੰਦਰ ਲਿਖਾਈ ਦੇ ਮੁਕਾਬਲੇ ਵੀ ਕਰਵਾਏ ਗਏ, ਸੁੰਦਰ ਲਿਖਾਈ ਵਿੱਚ ਨਿਮਰਤਪਾਲ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਮੌਕ ਸਕੂਲ ਦੇ ਪ੍ਰਿੰਸੀਪਲ ਅਜੇ ਸ਼ਰਮਾਂ ਨੇ ਇੰਚਾਰਜ਼ ਅਧਿਆਪਕ ਤੀਰਥਪਾਲ ਸਿੰਘ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਸੈਲਫ ਹੈਲਪ ਗਰੁੱਪ ਦੀਆਂ ਔਰਤਾਂ ਨੂੰ ਪਾਣੀ ਦੀ ਮਹਤੱਤਾ ਅਤੇ ਸਾਫ ਸੰਭਾਲ ਬਾਰੇ ਕਰਵਾਇਆ ਜਾਣੂ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ, 15 ਨਵੰਬਰ : ਫਰੀਦਕੋਟ ਵਿਖੇ ਨਗਰ ਕੌਂਸਲ ਤੇ ਵਾਟਰ ਸਪਲਾਈ ਵਿਭਾਗ ਵੱਲੋਂ ਜਲ ਦੀਵਾਲੀ ਮੁਹਿੰਮ ਤਹਿਤ “ਔਰਤਾਂ ਲਈ ਪਾਣੀ ਅਤੇ ਪਾਣੀ ਲਈ ਔਰਤਾਂ” ਮੌਕੇ ਅਫਸਰ ਨਗਰ ਕੌਂਸਲ ਦੇ ਕਾਰਜ ਸਾਧਕ ਅਮਰਇੰਦਰ ਸਿੰਘ ਨੇ ਸੈਲਫ ਹੈਲਪ ਗਰੁੱਪ ਦੀਆਂ ਔਰਤਾਂ ਨੂੰ ਪਾਣੀ ਦੀ ਮਹਤੱਤਾ ਅਤੇ ਸਾਭ ਸੰਭਾਲ ਬਾਰੇ ਜਾਣੂ ਕਰਵਾਇਆ। ਕਾਰਜ ਸਾਧਕ ਅਫਸਰ ਨੇ ਔਰਤਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਉਹ ਸਭ ਤੋਂ ਵੱਧ ਪਾਣੀ ਨਾਲ ਸਿੱਧੇ ਤੌਰ ‘ਤੇ ਜੁੜੀਆਂ ਹਨ। ਇਸ ਲਈ ਉਹ ਪਾਣੀ ਦੀ ਦੁਰਵਰਤੋਂ ਨਾ ਕਰਨ ਸਗੋਂ ਉਸ ਦੀ ਵਰਤੋਂ ਸੰਯਮ ਨਾਲ ਕਰਨ। ਉਹਨਾਂ ਮਹਿਲਾਵਾਂ ਨੂੰ ਪਾਣੀ ਦੀ ਟੈਸਟਿੰਗ ਬਾਰੇ ਵੀ ਜਾਣੂ ਕਰਵਾਇਆ। ਇਸ ਮੁਹਿਮ ਤਹਿਤ ਔਰਤਾਂ ਨੂੰ ਪਾਣੀ ਦੀ ਸਾਭ ਸੰਭਾਲ ਅਤੇ ਉਸ ਦੀ ਮਹਤੱਤਾ ਬਾਰੇ ਜਾਗਰੂਕਤਾ ਕਰਨ ਲਈ ਟਰੀਟਮੈਂਟ ਪਲਾਂਟ ਦਾ ਦੌਰਾ ਕਰਵਾਇਆ ਗਿਆ ਅਤੇ ਪਾਣੀ ਨੂੰ ਸਾਫ ਕਰਨ ਦੀ ਵਿਧੀ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਰਕੇਸ਼ ਕੁਮਾਰ ਕੰਬੋਜ, ਮਿਊਂਸੀਪਲ ਇੰਜੀਨਿਅਰ ਨਗਰ ਕੌਂਸਲ ਫਰੀਦਕੋਟ, ਅੰਕੁਸ਼ ਕਪੂਰ, ਜੂਨੀਅਰ ਇੰਜੀਨੀਅਰ ਨਗਰ ਕੌਂਸਲ ਫਰੀਦਕੋਟ, ਸ਼੍ਰੀਮਤੀ ਕੁਲਜੀਤ ਕੌਰ ਉਪ-ਮੰਡਲ ਇੰਜੀਨੀਅਰ ਜਲ ਵਿਭਾਗ, ਸ਼੍ਰੀ ਜਸ਼ਨਦੀਪ ਸਿੰਘ, ਜੂਨੀਅਰ ਇੰਜੀਨੀਅਰ ਜਲ ਵਿਭਾਗ, ਨਗਰ ਕੌਂਸਲ, ਫਰੀਦਕੋਟ ਅਤੇ ਜਲ ਵਿਭਾਗ ਦੇ ਕਰਮਚਾਰੀ, ਸੁਖਮੰਦਰ ਸਿੰਘ ਸੀ.ਓ. ਅਤੇ ਸੈਲਫ ਹੈਲਪ ਗਰੁੱਪਾ ਦੀਆਂ ਔਰਤਾਂ ਵੀ ਹਾਜ਼ਰ ਸਨ।

## ਬਾਬਾ ਫ਼ਰੀਦ ਪਬਲਿਕ ਸਕੂਲ ਦਾ ਵਿਦਿਆਰਥੀ ਰਾਜ-ਪੱਧਰੀ ਪੁਰਸਕਾਰ ਨਾਲ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫ਼ਰੀਦਕੋਟ: 15 ਨਵੰਬਰ : ਬਾਬਾ ਫ਼ਰੀਦ ਜੀ ਦੀ ਰਹਿਮਤ ਅਤੇ ਚੇਅਰਮੈਨ ਸ. ਇੰਦਰਜੀਤ ਸਿੰਘ ਖ਼ਾਲਸਾ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਪ੍ਰਸਿੱਧ ਵਿੱਦਿਅਕ ਅਦਾਰੇ ਬਾਬਾ ਫ਼ਰੀਦ ਪਬਲਿਕ ਸਕੂਲ, ਫ਼ਰੀਦਕੋਟ ਦੇ ਬਾਰਵੀਂ ਜਮਾਤ ਦੇ ਵਿਦਿਆਰਥੀ ਗੁਰਸ਼ਾਨ ਸਿੰਘ ਨੂੰ ‘ਤਾਰੇ ਭਲਕ ਦੇ’ ਮੰਚ ਵੱਲੋਂ ਚਿੱਤਰਕਾਰੀ ਦੇ ਖੇਤਰ ਵਿੱਚ ਰਾਜ-ਪੱਧਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ । ਸਕੂਲ ਵਿੱਚ ਕਰਵਾਏ ਗਏ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਨੇ ਆਪਣੇ ਸ਼ੁਭ ਕਰ-ਕਮਲਾਂ ਨਾਲ ਇਹ ਸਨਮਾਨ ਗੁਰਸ਼ਾਨ ਸਿੰਘ ਨੂੰ ਪ੍ਰਦਾਨ ਕੀਤਾ । ਉਪਰੰਤ ਇਸ ਵਿਦਿਆਰਥੀ ਨੂੰ ਉਸਦੀਆਂ ਪ੍ਰਾਪਤੀਆਂ ਲਈ ਮੁਬਾਰਕਬਾਦ ਦਿੰਦਿਆਂ ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਨੇ ਕਿਹਾ ਕਿ ਗੁਰਸ਼ਾਨ ਸਿੰਘ ਪਿਛਲੇ ਪੰਜ ਸਾਲਾਂ ਤੋਂ ਚਿੱਤਰਕਾਰੀ ਦੇ ਖੇਤਰ ਵਿੱਚ ਆਪਣਾ, ਆਪਣੇ ਮਾਤਾ-ਪਿਤਾ ਅਤੇ ਬਾਬਾ ਫ਼ਰੀਦ ਪਬਲਿਕ ਸਕੂਲ ਦਾ ਨਾਮ ਕਈ ਵਾਰ ਜ਼ਿਲ੍ਹਾ-ਪੱਧਰ, ਰਾਜ-ਪੱਧਰ ਅਤੇ ਰਾਸ਼ਟਰ-ਪੱਧਰ ‘ਤੇ ਰੌਸ਼ਨ ਕਰ ਚੁੱਕਾ ਹੈ । ਉਸਦੀਆਂ ਇਹਨਾਂ ਪ੍ਰਾਪਤੀਆਂ ਨੂੰ ਵੇਖਦਿਆਂ ਹੋਇਆਂ ਹੀ ‘ਤਾਰੇ ਭਲਕ ਦੇ’ ਮੰਚ ਵੱਲੋਂ ਉਸ ਨੂੰ “ਤਾਰੇ ਭਲਕ ਦੇ ਪੁਰਸਕਾਰ-2023” ਨਾਲ ਨਿਵਾਜਿਆ ਗਿਆ ਹੈ । ਇਸ ਪੁਰਸਕਾਰ ਵਿੱਚ ਇੱਕ ਸਨਮਾਨ ਚਿੰਨ੍ਹ, ਉਸਦੀਆਂ ਕਲਾ-ਕਿਰਤਾਂ, ਨਕਦ ਰਾਸ਼ੀ ਅਤੇ ਕਿਤਾਬਾਂ ਦਾ ਸੈੱਟ ਸ਼ਾਮਿਲ ਹੈ । ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਅਜਿਹੇ ਹੋਣਹਾਰ ਵਿਦਿਆਰਥੀਆਂ ਤੇ ਬੇਹੱਦ ਫ਼ਖਰ ਹੈ, ਜਿੰਨ੍ਹਾਂ ਨੇ ਪੜ੍ਹਾਈ ਦੇ ਨਾਲ-ਨਾਲ ਕਲਾ ਦੇ ਖੇਤਰ ਵਿੱਚ ਵੀ ਵਡਮੁੱਲੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਉਨਾਂ ਨੇ ਗੁਰਸ਼ਾਨ ਸਿੰਘ ਦੇ ਅਧਿਆਪਕਾਂ ਅਤੇ ਮਾਤਾ-ਪਿਤਾ ਨੂੰ ਵੀ ਮੁਬਾਰਕਾਂ ਦਿੱਤੀਆਂ ।

# ਗ਼ਦਰ ਲਹਿਰ ਦੇ ਸਭ ਤੋਂ ਘੱਟ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਯਾਦ ਕਰਦਿਆਂ।

## 16 ਨਵੰਬਰ ਸ਼ਹੀਦੀ ਦਿਹਾੜੇ ਤੇ ਵਿਸ਼ੇਸ਼।

ਵਰਲਡ ਪੰਜਾਬੀ ਟਾਈਮਜ਼
ਲੈਕਚਰਾਰ ਲਲਿਤ ਗੁਪਤਾ



ਭਾਰਤ ਦਾ ਇਤਿਹਾਸ ਸੂਰਬੀਰਾਂ, ਯੋਧਿਆਂ ਤੇ ਬਹਾਦਰਾਂ ਦੀ ਕੁਰਬਾਨੀ ਨਾਲ ਭਰਿਆ ਪਿਆ ਹੈ। ਇਹ ਵੀਰ ਯੋਧੇ ਇਸ ਦੇਸ਼ ਦੀ ਸ਼ਾਨ ਹਨ, ਲੋਕ-ਦਿਲਾਂ 'ਤੇ ਰਾਜ ਕਰਨ ਵਾਲੇ ਨਾਇਕ ਹਨ। ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਸੂਰਬੀਰਾਂ ਦੀ ਸ਼ਹੀਦੀ ਸਦਕਾ ਹੀ ਅੱਜ ਅਸੀਂ ਅਜ਼ਾਦ ਭਾਰਤ ਦੇ ਵਸਨੀਕ ਹਾਂ। ਹਜ਼ਾਰਾਂ ਨੌਜਵਾਨਾਂ ਨੇ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਲੜਾਈ ਲੜੀ ਅਤੇ ਹੱਸਦੇ-ਹੱਸਦੇ ਮੌਤ ਨੂੰ ਗਲੇ ਲਗਾਇਆ। ਉਨ੍ਹਾਂ ਵਿਚੋਂ ਇੱਕ ਕਰਤਾਰ ਸਿੰਘ ਸਰਾਭਾ ਪੰਜਾਬ ਦਾ ਅਜਿਹਾ ਸ਼ੇਰ ਸੀ ਜਿਸਨੇ ਆਪਣੀ ਇੱਕ ਵੱਖਰੀ ਪਹਿਚਾਣ ਬਣਾਈ। ਇਨ੍ਹਾਂ ਦੇ ਦਿਲਾਂ ਵਿੱਚ ਦੇਸ਼-ਭਗਤੀ ਦਾ ਜਜ਼ਬਾ ਠਾਠਾਂ ਮਾਰਦਾ ਸੀ ਤਾਂ ਹੀ ਤਾਂ ਇਹ ਬੋਲ ਉੱਠਦੇ ਸਨ _ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ। ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।

ਆਓ ਆਪਾਂ ਉਸ ਮਹਾਨ ਸ਼ਹੀਦ ਤੇ ਗ਼ਦਰ ਲਹਿਰ ਦੇ ਸਭ ਤੋਂ ਘੱਟ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਯਾਦ ਕਰੀਏ ਜਿਨ੍ਹਾਂ ਨੇ ਚੜ੍ਹਦੀ ਉਮਰੇ ਹੀ ਦੇਸ਼ ਨੂੰ ਆਜ਼ਾਦ ਕਰਾਉਣ ਖ਼ਾਤਰ ਅਤੇ ਆਪਣੇ ਲੋਕਾਂ ਨੂੰ ਫ਼ਰੰਗੀ ਜ਼ਾਲਮ ਸਰਕਾਰ ਦੇ ਜ਼ੁਲਮਾਂ ਤੋਂ ਨਿਜ਼ਾਤ ਦਿਵਾਉਣ ਲਈ ਹੱਸਦਿਆਂ-ਹੱਸਦਿਆਂ ਫਾਂਸੀ ਦਾ ਰੱਸਾ ਚੁੰਮਿਆ ਸੀ। ਕਰਤਾਰ ਸਿੰਘ ਦਾ ਜਨਮ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਇੱਕ ਪਿੰਡ ਸਰਾਭਾ ਵਿੱਚ 24 ਮਈ 1896 ਨੂੰ ਇੱਕ ਗਰੇਵਾਲ ਜੱਟ ਸਿੱਖ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਮੰਗਲ ਸਿੰਘ ਗਰੇਵਾਲ ਅਤੇ ਮਾਤਾ ਸਾਹਿਬ ਕੌਰ ਸਨ। ਉਹ ਬਹੁਤ ਛੋਟਾ ਸੀ ਜਦੋਂ ਉਸਦੇ ਪਿਤਾ ਦੀ ਮੌਤ ਹੋ ਗਈ ਅਤੇ ਉਸਦੇ ਦਾਦਾ ਜੀ ਨੇ ਉਸਨੂੰ ਪਾਲਿਆ। ਉਹਨਾਂ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ "ਸਰਾਭਾ" ਵਿੱਚ ਹੋਇਆ ਹੋਣ ਕਰਕੇ ਉਹਨਾਂ ਦਾ ਨਾਮ 'ਕਰਤਾਰ ਸਿੰਘ ਸਰਾਭਾ' ਲਿਆ ਜਾਣ ਲੱਗ ਪਿਆ। ਕਰਤਾਰ ਸਿੰਘ ਸਰਾਭਾ ਨੇ ਮੁੱਢਲੀ ਵਿੱਦਿਆ ਸਰਾਭਾ ਪਿੰਡ ਵਿੱਚ ਹੀ ਪ੍ਰਾਪਤ ਕੀਤੀ। ਕਰਤਾਰ ਸਿੰਘ ਸਰਾਭਾ ਬਚਪਨ ਵਿੱਚ ਬਹੁਤ ਫੁਰਤੀਲਾ ਤੇ ਚੁਸਤ ਚਲਾਕ ਸੀ ਜਿਸ ਕਰਕੇ ਉਨ੍ਹਾਂ ਦੇ ਸਾਰੇ ਸਾਥੀ ਉਨ੍ਹਾਂ ਨੂੰ ਉਡਣਾ ਸੱਪ ਕਿਹਾ ਕਰਦੇ ਸਨ। ਅੱਠਵੀਂ ਤੱਕ ਦੀ ਵਿੱਦਿਆ ਮਾਲਵਾ ਖਾਲਸਾ ਸਕੂਲ ਲੁਧਿਆਣਾ ਤੋਂ ਪ੍ਰਾਪਤ ਕੀਤੀ। ਇਸ ਮਗਰੋਂ ਕਰਤਾਰ ਸਿੰਘ ਆਪਣੇ ਚਾਚਾ ਵੀਰ ਸਿੰਘ ਕੋਲ ਉੜੀਸਾ, ਕਟਕ ਸ਼ਹਿਰ ਵਿੱਚ, ਜਿੱਥੇ ਉਹ ਡਾਕਟਰ ਸਨ, ਚਲਾ ਗਿਆ। ਇਸ ਤੋਂ ਇਲਾਵਾ ਕਰਤਾਰ ਸਿੰਘ ਨੇ ਬਰਕਲੇ ਯੂਨੀਵਰਸਿਟੀ ਕੈਲੀਫੋਰਨੀਆ ਤੋਂ ਕੈਮਿਸਟਰੀ ਵਿਸ਼ੇ ਵਿੱਚ ਡਿਗਰੀ ਹਾਸਿਲ ਕੀਤੀ। ( ਬਾਬਾ ਜਵਾਲਾ ਸਿੰਘ ਦੁਆਰਾ ਇੱਕ ਇਤਿਹਾਸਕ ਨੋਟ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਜਦੋਂ ਉਹ ਦਸੰਬਰ 1912 ਵਿੱਚ ਅਸਟੋਰੀਆ, ਓਰੇਗਨ ਗਏ ਤਾਂ ਉਨ੍ਹਾਂ ਨੇ ਕਰਤਾਰ ਸਿੰਘ ਨੂੰ ਇੱਕ ਮਿੱਲ ਫੈਕਟਰੀ ਵਿੱਚ ਕੰਮ ਕਰਦੇ ਦੇਖਿਆ। ਕੁਝ ਕਹਿੰਦੇ ਹਨ ਕਿ ਉਸਨੇ ਬਰਕਲੇ ਵਿੱਚ ਪੜ੍ਹਾਈ ਕੀਤੀ ਸੀ, ਪਰ ਕਾਲਜ ਨੂੰ ਉਸਦੇ ਨਾਮ ਨਾਲ ਦਾਖਲੇ ਦਾ ਕੋਈ ਰਿਕਾਰਡ ਨਹੀਂ ਮਿਲਿਆ।)

ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਲਈ ਘਾਲੀ ਗਈ ਘਾਲਣਾ ਵਿੱਚ ਸ੍ਰ. ਕਰਤਾਰ ਸਿੰਘ ਦੁਆਰਾ ਪਾਇਆ ਗਿਆ ਯੋਗਦਾਨ ਅਣਮੋਲ, ਕਦੇ ਨਾ-ਭੁੱਲਣ ਵਾਲਾ ਅਤੇ ਸ਼ਲਾਂਘਾਯੋਗ ਹੈ। 1912 ਵਿੱਚ ਜਦੋਂ ਕਰਤਾਰ ਸਿੰਘ ਸਨਫਰਾਂਸਿਸਕੋ ਗਿਆ ਤਾਂ ਉੱਥੇ ਅਮਰੀਕੀ ਸਿਪਾਹੀਆਂ ਦੇ ਭਾਰਤੀਆਂ ਪ੍ਰਤੀ ਵਰਤੇ ਗਏ ਘਟੀਆ ਤਰੀਕੇ ਨੇ ਇਸ ਯੋਧੇ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਅਤੇ ਇਸ ਛੋਟੇ ਜਿਹੇ ਕਰਤਾਰ ਸਿੰਘ ਦੇ ਦਿਲ ਅਤੇ ਮਨ ਨੇ ਇਹ ਮਹਿਸੂਸ ਕੀਤਾ ਕਿ 'ਗੁਲਾਮੀ ਸਭ ਤੋਂ ਵੱਡਾ ਸਰਾਪ ਹੈ'। ਬਰਕਲੇ ਵਿਖੇ ਭਾਰਤੀ ਵਿਦਿਆਰਥੀਆਂ ਦੇ ਨਾਲੰਦਾ ਕਲੱਬ ਨਾਲ ਉਸ ਦੀ ਸਾਂਝ ਨੇ ਉਸ ਦੀਆਂ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਜਗਾਇਆ ਅਤੇ ਉਹ ਭਾਰਤ ਤੋਂ ਆਏ ਪ੍ਰਵਾਸੀਆਂ ਨਾਲ ਕੀਤੇ ਸਲੂਕ ਨੂੰ ਲੈ ਕੇ ਪਰੇਸ਼ਾਨ ਮਹਿਸੂਸ ਕਰਦਾ ਸੀ। ਗੁਲਾਮੀ ਦੇ ਇਸੇ ਸਰਾਪ ਤੋਂ ਆਪਣੇ ਦੇਸ਼ ਅਤੇ ਦੇਸ਼ਵਾਸੀਆਂ ਨੂੰ ਨਿਜ਼ਾਤ ਦਿਵਾਉਣ ਲਈ ਕਰਤਾਰ ਸਿੰਘ ਨੇ 21 ਅਪ੍ਰੈਲ 1913 ਈ: ਨੂੰ ਲਾਲਾ ਹਰਦਿਆਲ, ਪੰਡਿਤ ਜਗਤ ਰਾਮ ਰਿਹਾਣਾ, ਭਾਈ ਜਵਾਲਾ ਸਿੰਘ ਆਦਿ ਨਾਲ ਮਿਲ ਕੇ ਅਮਰੀਕਾ ਵਿੱਚ ਗਦਰ ਪਾਰਟੀ ਬਣਾਈ ਅਤੇ ਲੋਕਾਂ ਵਿੱਚ ਅਜ਼ਾਦੀ ਦੀ ਪ੍ਰਾਪਤੀ ਲਈ ਜੋਸ਼ ਭਰਨ ਲਈ ਅਤੇ ਦੇਸ਼ ਦੀ ਆਜ਼ਾਦੀ ਲਈ ਲੋਕਾਂ ਨੂੰ ਆਪਣਾ ਸਭ ਕੁਝ ਦਾਅ ਤੇ ਲਾਉਣ ਲਈ ਪ੍ਰੇਰਿਤ ਕੀਤਾ।1913 ਵਿਚ ਗ਼ਦਰ ਪਾਰਟੀ ਦੀ ਸਥਾਪਨਾ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਭਕਨਾ ਦੇ ਇਕ ਸਿੱਖ ਸੋਹਣ ਸਿੰਘ ਨਾਲ ਹੋਈ ਸੀ, ਜਿਸ ਨੂੰ ਪ੍ਰਧਾਨ ਅਤੇ ਲਾਲਾ ਹਰਦਿਆਲ ਨੂੰ ਸਕੱਤਰ ਬਣਾਇਆ ਗਿਆ ਸੀ। ਕਰਤਾਰ ਸਿੰਘ ਨੇ ਯੂਨੀਵਰਸਿਟੀ ਦਾ ਕੰਮ ਬੰਦ ਕਰ ਦਿੱਤਾ ਅਤੇ ਲਾਲਾ ਹਰਦਿਆਲ ਨਾਲ ਚਲਾ ਗਿਆ ਅਤੇ ਇਨਕਲਾਬੀ ਅਖ਼ਬਾਰ ਗਦਰ ਚਲਾਉਣ ਵਿਚ ਉਸ ਦਾ ਸਹਾਇਕ ਬਣ ਗਿਆ। 1 ਨਵੰਬਰ 1913 ਈ: ਨੂੰ ਇਸ ਪਾਰਟੀ ਨੇ ਲੋਕਾਂ ਨੂੰ ਲਾਮਬੰਦ ਕਰਨ ਲਈ 'ਗ਼ਦਰ' ਨਾਮ ਦਾ ਅਖ਼ਬਾਰ ਛਾਪਣਾ ਸ਼ੁਰੂ ਕੀਤਾ। ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਅਤੇ ਅਜ਼ਾਦੀ ਦੇ ਕਾਫ਼ਲੇ ਨੂੰ ਹੋਰ ਮਜ਼ਬੂਤ ਕਰਨ ਦੇ ਮਕਸਦ ਨਾਲ ਇਹ ਅਖ਼ਬਾਰ ਪੰਜਾਬੀ ਤੋਂ ਇਲਾਵਾ ਉਰਦੂ,ਹਿੰਦੀ, ਗੁਜਰਾਤੀ, ਬੰਗਾਲੀ ਭਾਸ਼ਾਵਾਂ ਵਿੱਚ ਵੀ ਛਾਪਿਆ ਜਾਂਦਾ ਸੀ। ਕਾਮਾਗਾਟਾਮਾਰੂ ਦੀ ਘਟਨਾ ਨੇ ਭਾਰਤੀਆਂ ਦੇ ਨਾਲ ਕਰਤਾਰ ਸਿੰਘ ਸਰਾਭਾ ਦੇ ਮਨ ਨੂੰ ਝੰਜੋੜ ਦਿੱਤਾ ਸੀ। ਸਤੰਬਰ 1914 'ਚ ਇਹ ਜਹਾਜ ਕਲਕੱਤੇ ਕੋਲ ਬਜਬਜ ਘਾਟ 'ਤੇ ਪਹੁੰਚਿਆ ਸੀ ਤਾਂ ਅੰਗਰੇਜੀ ਸਰਕਾਰ ਦੀਆਂ ਵਧੀਕੀਆਂ ਨੇ ਮੁਸਾਫਿਰਾਂ ਵਿੱਚ ਰੋਹ ਭਰ ਦਿੱਤਾ ਸੀ ਪੁਲਿਸ ਝੜਪ ਦੌਰਾਨ ਕਾਫੀ ਲੋਕ ਮਾਰੇ ਗਏ ਸਨ।ਇਸ ਘਟਨਾ ਨੂੰ ਗਦਰ ਲਹਿਰ ਦੀ ਉਤਪਤੀ ਦਾ ਮੁੱਖ ਕਾਰਨ ਮੰਨਿਆ ਜਾਦਾ ਹੈ। 1914 ਦੇ ਪਹਿਲੇ ਵਿਸ਼ਵ ਯੁੱਧ ਦੇ ਦੌਰਾਨ ਅੰਗਰੇਜਾਂ ਖਿਲਾਫ ਵਿਦਰੋਹ ਲਈ ਸਹੀ ਨੀਤੀ ਘੜਨ ਲਈ 15 ਸਤੰਬਰ 1914 ਨੂੰ ਕਰਤਾਰ ਸਿੰਘ ਸ਼੍ਰੀ ਲੰਕਾ ਹੁੰਦਾ ਹੋਇਆ ਭਾਰਤ ਪੁੱਜਾ। 25 ਜਨਵਰੀ 1915 ਈ: ਨੂੰ ਰਾਸ ਬਿਹਾਰੀ ਬੋਸ ਦੇ ਅੰਮ੍ਰਿਤਸਰ ਪੁੱਜਣ 'ਤੇ ਗ਼ਦਰ ਪਾਰਟੀ ਦੀ ਇੱਕ ਮੀਟਿੰਗ ਹੋਈ ਅਤੇ ਉਸ ਮੀਟਿੰਗ ਵਿੱਚ 21 ਫਰਵਰੀ 1915 ਈ: ਦੇ ਦਿਨ ਨੂੰ ਵਿਦਰੋਹ ਦੀ ਸ਼ੁਰੂਆਤ ਵਾਲੇ ਦਿਨ ਵਜੋਂ ਐਲਾਨਿਆ ਗਿਆ।25 ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਦੇ ਅੰਮ੍ਰਿਤਸਰ ਆਉਣ ਤੋਂ ਬਾਅਦ 12 ਫਰਵਰੀ ਨੂੰ ਹੋਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 21 ਫਰਵਰੀ ਨੂੰ ਵਿਦਰੋਹ ਸ਼ੁਰੂ ਕੀਤਾ ਜਾਵੇ। ਇਹ ਯੋਜਨਾ ਬਣਾਈ ਗਈ ਸੀ ਕਿ ਮੀਆਂ ਮੀਰ ਅਤੇ ਫਿਰੋਜ਼ਪੁਰ ਦੀਆਂ ਛਾਉਣੀਆਂ 'ਤੇ ਕਬਜ਼ਾ ਕਰਨ ਤੋਂ ਬਾਅਦ ਅੰਬਾਲਾ ਅਤੇ ਦਿੱਲੀ ਦੇ ਨੇੜੇ ਬਗਾਵਤ ਦਾ ਮੁੱਢ ਬੰਨਿਆ ਜਾਵੇਗਾ। ਪਰ ਗਦਰ ਪਾਰਟੀ ਵਿੱਚ ਇੱਕ ਸਰਕਾਰੀ ਮੁਖਬ਼ਰ ਕਿਰਪਾਲ ਸਿੰਘ ਨੇ ਇਸ ਘਟਨਾ ਦੀ ਖਬ਼ਰ ਅੰਗਰੇਜ਼ ਸਰਕਾਰ ਨੂੰ ਦੇ ਦਿੱਤੀ। ਕਰਤਾਰ ਸਿੰਘ ਨੂੰ ਕਿਰਪਾਲ ਸਿੰਘ ਦੀ ਗੱਦਾਰੀ ਦਾ ਪਤਾ ਚਲ ਗਿਆ ਅਤੇ ਫਿਰ ਵਿਦਰੋਹ ਦੀ ਤਰੀਕ ਬਦਲ ਕੇ 19 ਫਰਵਰੀ ਕਰ ਦਿੱਤੀ ਗਈ, ਪਰ ਕਿਸੇ ਤਰਾਂ ਇਹ ਖਬ਼ਰ ਵੀ ਅੰਗਰੇਜ਼ਾਂ ਤੱਕ ਪਹੁੰਚ ਗਈ ਅਤੇ ਬਹੁਤ ਸਾਰੇ ਗਦਰੀਆਂ ਨੂੰ ਫੜ੍ਹ ਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ। ਅਖ਼ੀਰ 2 ਮਾਰਚ 1915 ਨੂੰ ਪੁਲਿਸ ਨੇ ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰ 5 ਤੋਂ ਰਿਸਾਲਦਾਰ ਗੰਡਾ ਸਿੰਘ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਵਰਗੇ ਗ਼ਦਰੀਆਂ ਸਮੇਤ ਕਰਤਾਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਇਹਨਾਂ ਵਿਰੁਧ "ਲਾਹੌਰ ਬਗ਼ਾਵਤ" ਦਾ ਕੇਸ ਪਾਇਆ ਗਿਆ। ਮੁਕੱਦਮੇ ਦੇ ਦੌਰਾਨ ਅਦਾਲਤ ਨੇ ਇਸ ਛੋਟੀ ਜਿਹੀ ਉਮਰ ਦੇ ਕਰਤਾਰ ਨੂੰ ਸਾਰੇ ਗ਼ਦਰੀਆਂ ਤੋਂ ਵੱਧ ਖ਼ਤਰਨਾਕ ਮੰਨਿਆ ਅਤੇ ਇਸੇ ਲਈ ਕਰਤਾਰ ਸਿੰਘ ਨੂੰ ਆਪਣੇ ਦੇਸ਼ ਅਤੇ ਦੇਸ਼ਵਾਸੀਆਂ ਪ੍ਰਤੀ ਦਿਖਾਏ ਪਿਆਰ ਅਤੇ ਵਿਸ਼ਵਾਸ਼ ਦੇ 'ਇਨਾਮ' ਵਜੋਂ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਅਤੇ ਅਖੀਰ ਅੱਜ ਹੀ ਦੇ ਦਿਨ 16 ਨਵੰਬਰ 1915 ਈ: ਨੂੰ ਦੇਸ਼ ਦੇ ਇਸ ਨਿਧੜਕ ਅਤੇ ਮਹਾਨ ਸਪੂਤ ਨੂੰ ਲਾਹੌਰ ਦੀ ਸੈਂਟਰਲ ਜੇਲ ਵਿੱਚ ਫਾਂਸੀ ਦੇ ਦਿੱਤੀ ਗਈ।ਉਸਨੇ ਕਿਹਾ ਸੀ ਕਿ ਹਰ 'ਗੁਲਾਮ' ਨੂੰ ਬਗਾਵਤ ਕਰਨ ਦਾ ਅਧਿਕਾਰ ਹੈ ਅਤੇ ਧਰਤੀ ਦੇ ਪੁੱਤਰਾਂ ਦੇ ਮੁੱਢਲੇ ਅਧਿਕਾਰਾਂ ਦੀ ਰੱਖਿਆ ਲਈ ਉੱਠਣਾ ਕਦੇ ਵੀ ਅਪਰਾਧ ਨਹੀਂ ਹੋ ਸਕਦਾ। ਜਦੋਂ ਉਸ 'ਤੇ ਦੇਸ਼ ਧ੍ਰੋਹ ਦਾ ਮੁਕੱਦਮਾ ਚੱਲ ਰਿਹਾ ਸੀ ਤਾਂ ਉਸ ਨੇ ਸਾਰਾ ਦੋਸ਼ ਆਪਣੇ ਸਿਰ ਲੈ ਲਿਆ। ਅਜਿਹੇ ਨੌਜਵਾਨ ਲੜਕੇ ਦਾ ਅਜਿਹਾ ਗੈਰ-ਚਲਣ ਵਾਲਾ ਵਿਵਹਾਰ ਦੇਖ ਕੇ ਜੱਜ ਹੈਰਾਨ ਰਹਿ ਗਏ। ਉਸਦੀ ਕੋਮਲ ਉਮਰ ਦੇ ਮੱਦੇਨਜ਼ਰ ਜੱਜ ਨੇ ਨੌਜਵਾਨ ਕ੍ਰਾਂਤੀਕਾਰੀ ਨੂੰ ਆਪਣੇ ਬਿਆਨ ਵਿੱਚ ਸੋਧ ਕਰਨ ਦੀ ਸਲਾਹ ਦਿੱਤੀ। ਪਰ ਨਤੀਜਾ ਉਸਦੀ ਇੱਛਾ ਦੇ ਬਿਲਕੁਲ ਉਲਟ ਸੀ। ਜਦੋਂ ਅਪੀਲ ਕਰਨ ਲਈ ਕਿਹਾ ਗਿਆ ਤਾਂ ਕਰਤਾਰ ਸਿੰਘ ਨੇ ਜਵਾਬ ਦਿੱਤਾ,"ਮੈਂ ਕਿਉਂ ਕਰਾਂ? ਜੇ ਮੇਰੇ ਕੋਲ ਇੱਕ ਤੋਂ ਵੱਧ ਜਾਨਾਂ ਹੁੰਦੀਆਂ, ਤਾਂ ਇਹ ਮੇਰੇ ਲਈ ਬਹੁਤ ਸਨਮਾਨ ਦੀ ਗੱਲ ਹੁੰਦੀ ਕਿ ਮੈਂ ਆਪਣੇ ਦੇਸ਼ ਲਈ ਉਨ੍ਹਾਂ ਵਿੱਚੋਂ ਹਰ ਇੱਕ ਨੂੰ ਕੁਰਬਾਨ ਕਰਾਂ।"

ਕਰਤਾਰ ਸਿੰਘ ਤੋਂ 'ਸ਼ਹੀਦ ਕਰਤਾਰ ਸਿੰਘ' ਦੇ ਖਿਤਾਬ ਨਾਲ 'ਸਨਮਾਨਿਤ' ਹੋਣ ਵਾਲੇ ਅਜ਼ਾਦੀ ਦੇ ਇਸ ਜਾਂਬਾਜ਼ ਸਿਪਾਹੀ ਦੀ ਸ਼ਹਾਦਤ ਨੇ ਲੋਕ ਮਨਾਂ ਵਿੱਚ ਜਿੱਥੇ ਅਥਾਹ ਸ਼ਰਧਾ ਅਤੇ ਸਤਿਕਾਰ ਕਾਇਮ ਕੀਤਾ ਉੱਥੇ ਹੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਜਾਨ ਤਲੀ 'ਤੇ ਧਰ ਕੇ ਇਸ ਜੰਗ-ਏ-ਅਜ਼ਾਦੀ ਵਿੱਚ ਜੂਝਣ ਲਈ ਵੀ ਤਿਆਰ ਕੀਤਾ। ਕਰਤਾਰ ਸਿੰਘ ਦੀ ਸ਼ਹਾਦਤ ਨੇ ਲੋਕਾਂ ਦੇ ਦਿਲਾਂ ਵਿੱਚ ਅੰਗਰੇਜ਼ੀ ਸਾਮਰਾਜ ਪ੍ਰਤੀ ਨਫਰਤ ਦਾ ਵਿਕਾਸ ਕੀਤਾ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੌਜੁਆਨਾਂ ਲਈ ਇੱਕ ਪ੍ਰੇਰਨਾ-ਸ੍ਰੋਤ ਬਣ ਗਿਆ। ਇਹਨਾਂ ਹੀ ਨੌਜੁਆਨਾਂ ਵਿੱਚੋਂ ਇੱਕ ਨੌਜੁਆਨ ਸੀ ਸ਼ਹੀਦ ਭਗਤ ਸਿੰਘ, ਜੋ ਸਰਾਭੇ ਨੂੰ ਆਪਣਾ ਗੁਰੂ ਮੰਨਦਾ ਸੀ ਅਤੇ 'ਸਰਾਭੇ' ਦੀ ਫੋਟੋ ਆਪਣੀ ਜੇਬ ਵਿੱਚ ਰੱਖਦਾ ਹੁੰਦਾ ਸੀ। ਭਗਤ ਸਿੰਘ ਦੀ ਮਾਤਾ ਦੇ ਅਨੁਸਾਰ ਸ. ਭਗਤ ਸਿੰਘ 'ਸਰਾਭੇ' ਦੀ ਫੋਟੋ ਵੱਲ ਵੇਖ ਕੇ ਕਹਿੰਦਾ ਹੁੰਦਾ ਸੀ ਕਿ 'ਸਰਾਭਾ ਮੈਨੂੰ, ਮੇਰਾ ਵੱਡਾ ਵੀਰ ਲਗਦਾ।"

ਲੱਖਾਂ ਮੁਸੀਬਤਾਂ ਝੱਲ ਕੇ ਦੇਸ਼ ਦੀ ਅਜ਼ਾਦੀ ਦੇ ਰਾਹ ਨੂੰ ਆਪਣੀ ਸ਼ਹਾਦਤ ਨਾਲ ਪੱਧਰਾ ਕਰਨ ਵਾਲੇ ਇਸ ਮਹਾਨ ਸ਼ਹੀਦ ਨੇ ਕਦੇ ਆਖਿਆ ਸੀ :

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਹਨਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਓਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਸਾਰੇ ਸ਼ਹੀਦਾਂ ਨੂੰ ਬਣਦਾ ਮਾਣ ਅਤੇ ਸਤਿਕਾਰ ਦੇਈਏ। ਸੋ ਆਓ ਆਪਾਂ ਉਸ ਮਹਾਨ ਸ਼ਹੀਦ ਤੇ ਗ਼ਦਰ ਲਹਿਰ ਦੇ ਹੀਰੋ ਕਰਤਾਰ ਸਿੰਘ ਸਰਾਭਾ ਨੂੰ ਯਾਦ ਕਰੀਏ। ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਹਿੰਮਤ, ਅਟੁੱਟ ਸਮਰਪਣ ਅਤੇ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਵਿਰੁੱਧ ਲੜਨ ਲਈ ਦ੍ਰਿੜ ਵਚਨਬੱਧਤਾ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ। ਉਸਦੀ ਸ਼ਹਾਦਤ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਵਿਅਕਤੀਆਂ ਦੁਆਰਾ ਕੀਤੀਆਂ ਅਣਗਿਣਤ ਕੁਰਬਾਨੀਆਂ ਦੀ ਯਾਦ ਦਿਵਾਉਂਦੀ ਰਹੇਗੀ।

"ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ,
ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ"।

# ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਸੂਰਮੇ ਸੱਤ ਸ਼ਹੀਦ

## ਕਰਤਾਰ ਸਿੰਘ ਸਰਾਭਾ ਤੇ ਸਾਥੀ।

ਵਰਲਡ ਪੰਜਾਬੀ ਟਾਈਮਜ਼
ਡਾ: ਬਲਜੀਤ ਸਿੰਘ ਵਿਰਕ




ਬਦੇਸ਼ਾਂ 'ਚੋਂ ਦੇਸ਼ ਆਜ਼ਾਦੀ ਲਈ ਸਵਦੇਸ਼ੀ ਭਾਸ਼ਾ ਵਿਚ ਸਾਮਰਾਜਵਾਦੀ ਹਕੂਮਤ ਦੀ ਜੜ੍ਹ ਪੁੱਟਣ ਲਈ ਗ਼ਦਰ ਲਹਿਰ ਦੀ ਸ਼ੁਰੂਆਤ ਹੋਈ। ਸ਼ਬਦ ਤੇ ਹਥਿਆਰ ਦਾ ਇਹ ਬਾਖ਼ੂਬੀ ਸੁਮੇਲ ਸੀ। ਕੇਵਲ ਆਜ਼ਾਦੀ ਹੀ ਨਹੀਂ ਸਗੋਂ ਇਹ ਸੂਰਬੀਰ ਆਜ਼ਾਦ ਹਿੰਦੋਸਤਾਨ ਦਾ ਖ਼ਾਕਾ ਵੀ ਉਲੀਕਦੇ ਹਨ ਤਾਂ ਕਿ ਗੋਰੀ ਹਕੂਮਤ ਦੀ ਗੈਰ ਹਾਜ਼ਰੀ ਵਿਚ ਭੂਰਿਆਂ ਨੂੰ ਬਸਤੀਵਾਦੀ ਰੰਗ ਨਾ ਚੜ੍ਹ ਜਾਵੇ। ਪੈਸਾ ਟਕਾ ਕਮਾਉਣ ਲਈ ਵਿਦੇਸ਼ਾਂ ਵਿਚ ਗਏ ਪੈਸੇ ਟਕੇ ਨੂੰ ਠੋਕਰ ਮਾਰਕੇ ਵਤਨਾਂ ਨੂੰ ਮੁੜ ਆਏ। ਪਹਿਲੇ ਸੰਸਾਰ ਯੁੱਧ ਨੂੰ ਇੱਕ ਢੁਕਵੇਂ ਮੌਕੇ ਵਜੋਂ ਲੈਂਦਿਆਂ ਸੀਮਿਤ ਸਾਧਨਾਂ ਨਾਲ ਜੋਸ਼ ਤੇ ਹੋਸ਼ ਨੇ ਲਾਮਿਸਾਲ ਉਦਾਹਰਨ ਪੇਸ਼ ਕੀਤੀ। ਵਿਦੇਸ਼ੀ ਹਕੂਮਤ, ਦੇਸੀ ਕਰਿੰਦਿਆਂ ਅਤੇ ਗ਼ੱਦਾਰਾਂ ਨੇ ਇਸ ਨੂੰ ਬੇਸ਼ੱਕ ਸਫਲ ਨਾ ਹੋਣ ਦਿੱਤਾ ਪਰ ਇਸ ਜਗੀ ਮਿਸ਼ਾਲ ਨੇ ਹਨੇਰ ਨੂੰ ਵਖਤ ਪਾ ਕੇ ਰੱਖ ਦਿੱਤਾ। ਸੂਰਬੀਰ ਰਣ ਖੇਤਰ 'ਚੋਂ ਨੱਠੇ ਨਾ ਸਗੋਂ ਉਹ ਪਰਵਾਨਿਆਂ ਵਾਂਗ ਆਜ਼ਾਦੀ ਦੀ ਸ਼ਮ੍ਹਾ 'ਤੇ ਕੁਰਬਾਨ ਹੋ ਗਏ:

'ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ'।

ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਮਾਈਕਲ ਉਡਵਾਇਰ ਯੁੱਧ ਵਿਚ ਪਾਈ ਤੇ ਭਾਈ ਦੇ ਸਹਿਯੋਗ ਰਾਹੀਂ ਆਪਣੀ ਹਿੱਕ ਥਾਪੜ ਰਿਹਾ ਸੀ। ਹਕੂਮਤ ਦੇ ਅਜਿਹੇ ਕਰਿੰਦੇ ਸ਼ੁਹਰਤ ਖ਼ਾਤਰ ਔਖ ਦੇ ਦਿਨਾਂ ਵਿਚ ਬੇਦੋਸਿਆਂ ਨੂੰ ਭੱਠੀ ਵਿਚ ਝੋਕਣ ਲਈ ਹਰ ਹੀਲਾ ਵਸੀਲਾ ਵਰਤਦੇ ਹਨ। ਪਰ ਗ਼ਦਰੀਆਂ ਦੀਆਂ ਗਤੀਵਿਧੀਆਂ ਨੇ ਉਸ ਦੀ ਆਸ ਨੂੰ ਬੂਰ ਨਾ ਪੈਣ ਦਿੱਤਾ। ਇਸ ਲਈ ਉਹ ਨਹੀਂ ਸੀ ਚਾਹੁੰਦਾ ਕਿ ਗ੍ਰਿਫ਼ਤਾਰ ਕੀਤੇ ਗ਼ਦਰੀਆਂ ਲਈ ਅਦਾਲਤੀ ਕਾਰਵਾਈ ਤਹਿਤ ਰਿਆਇਤ ਦੀ ਕੋਈ ਖਿੜਕੀ ਖੁੱਲ੍ਹੇ। ਇਸ ਸੰਬੰਧੀ ਉਸ ਨੇ ਵਾਇਸਰਾਇ ਲਾਰਡ ਹਾਰਡਿੰਗ ਨੂੰ ਕੋਈ ਅਜਿਹਾ ਕਾਨੂੰਨ ਘੜਨ ਦੀ ਸਲਾਹ ਦਿੱਤੀ ਜਿਸ ਤਹਿਤ ਉਹ ਆਪਣੇ ਮਨਸੂਬਿਆਂ ਨੂੰ ਆਸਾਨੀ ਨਾਲ ਅੰਜਾਮ ਤਕ ਪਹੁੰਚਾ ਸਕੇ। ਇਸ ਸਾਰੀ ਪ੍ਰਕਿਰਿਆ ਵਿਚ ਕੁਝ ਝੋਲੀ ਚੁੱਕ ਸਰਦਾਰਾਂ ਨੇ ਉਸ ਦਾ ਸਾਥ ਦਿੱਤਾ। ਆਖ਼ਿਰ 19 ਮਾਰਚ 1915 ਨੂੰ ਡਿਫੈਂਸ ਆਫ਼ ਇੰਡੀਆ ਐਕਟ ਬਣਾ ਦਿੱਤਾ ਗਿਆ। ਏ.ਏ. ਇਰਵਿਨ, ਟੀ.ਪੀ. ਐਲਿਸ ਤੇ ਸ਼ਿਓ ਨਰਾਇਣ ਦੇ ਨਾਂ ਹੇਠ ਇੱਕ ਸਪੈਸ਼ਲ ਟ੍ਰਿਬਿਊਨਲ ਸਥਾਪਤ ਕੀਤਾ ਗਿਆ। ਦੋ ਗੋਰਿਆਂ ਜੱਜਾਂ ਵਾਂਗ ਤੀਜਾ ਭਾਰਤੀ ਜੱਜ ਵੀ ਬਸਤੀਵਾਦੀ ਗੱਡੇ ਦੇ ਜੂਲੇ ਹੇਠ ਜੁਪਿਆ ਹੋਇਆ ਸੀ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਤਹਿਤ 26 ਅ੍ਰਪੈਲ 1915 ਨੂੰ ਗ਼ਦਰੀਆਂ 'ਤੇ ਮੁਕੱਦਮੇ ਦੀ ਸ਼ੁਰੂਆਤ ਹੋਈ।

ਇਸ ਤਹਿਤ 82 ਜਾਣਿਆਂ 'ਤੇ 'ਬਾਦਸ਼ਾਹ ਸਲਾਮਤ ਵਿਰੁੱਧ ਜੰਗ ਛੇੜਨ' ਦੇ ਅਪਰਾਧ ਤਹਿਤ ਮੁਕੱਦਮਾ ਚਲਾਇਆ ਗਿਆ। ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਗ਼ਦਰੀਆਂ ਨੂੰ ਲਾਹੌਰ ਦੀ ਸੈਂਟਰਲ ਜ਼ੇਲ੍ਹ ਵਿਚ ਤਬਦੀਲ ਕੀਤਾ ਗਿਆ। ਮੁਕੱਦਮੇ ਦੀ ਸਾਰੀ ਕਾਰਵਾਈ ਜੇਲ੍ਹ ਦੀ ਚਾਰਦੀਵਾਰੀ ਤੱਕ ਹੀ ਮਹਿਦੂਦ ਰੱਖੀ ਗਈ। ਅਖ਼ਬਾਰਾਂ ਸਰਕਾਰ ਦੁਆਰਾ ਭੇਜੀ ਰਿਪੋਰਟ ਤੋਂ ਅਗਾਂਹ ਅੱਖਰ ਨਹੀਂ ਉਲੀਕ ਸਕਦੀਆਂ ਸਨ। ਮੁਕੱਦਮੇ ਵਿਚ ਸਰਕਾਰੀ ਗਵਾਹਾਂ ਦੀ ਗਿਣਤੀ ਭਾਵੇਂ 404 ਸੀ ਪਰ ਜ਼ਿਆਦਾਤਰ ਕਾਰਵਾਈ ਅੱਠ ਵਾਅਦਾ ਮੁਆਫ਼ ਗਵਾਹਾਂ ਦੇ ਦੁਆਲੇ ਹੀ ਘੁੰਮਦੀ ਰਹੀ। ਤੋਤੇ ਵਾਂਗ ਇਹਨਾਂ ਗਵਾਹਾਂ ਨੇ ਸਰਕਾਰੀ ਸਕਰਿਪਟ ਨੂੰ ਰਟ ਲਾਈ ਹੋਈ ਸੀ। ਸਰਕਾਰੀ ਵਕੀਲ ਬੇਵਨ ਪੈਟਮੈਨ ਬਰਤਾਨਵੀ ਰਾਜ ਵੱਲੋਂ ਕੇਸ ਲੜ ਰਿਹਾ ਸੀ ਜਦਕਿ ਰਘੂਨਾਥ ਸਹਾਇ ਦੋਸ਼ੀਆਂ ਦੇ ਕੇਸ ਦੀ ਪੈਰਵੀ ਕਰ ਰਿਹਾ ਸੀ। ਬਚਾਓ ਪੱਖ ਦੇ 228 ਗਵਾਹਾਂ ਦੇ ਬਿਆਨਾਂ ਵੱਲ ਕੋਈ ਤਵੱਕੋ ਹੀ ਨਹੀਂ ਦਿੱਤੀ ਗਈ। ਜਗਤ ਰਾਮ ਨੇ ਆਪਣਾ ਕੇਸ ਖ਼ੁਦ ਲੜਿਆ ਪਰ ਕਰਤਾਰ ਸਿੰਘ ਸਰਾਭੇ ਨੇ ਨਾ ਤਾਂ ਆਪਣੇ ਕੇਸ ਦੀ ਖ਼ੁਦ ਤੇ ਨਾ ਹੀ ਵਕੀਲ ਰਾਹੀ ਪੈਰਵੀ ਕੀਤੀ।

13 ਸਤੰਬਰ 1915 ਨੂੰ 61 ਹਾਜ਼ਰ ਮੁਲਜ਼ਮਾਂ ਵਿਚੋਂ 24 ਨੂੰ ਮੌਤ ਤੇ 27 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਜੱਜ ਦੇ ਸ਼ਬਦਾਂ ਵਿਚੋਂ ਅਨਿਆਂ ਦੀ ਬਦਬੂ ਆਉਂਦੀ ਹੈ "ਅਸੀਂ ਇਨ੍ਹਾਂ ਵਿਚੋਂ ਹਰ ਇੱਕ ਨੂੰ ਗਰਦਨ ਤੋਂ ਓਨੀ ਦੇਰ ਫਾਹੀ ਦੇਣ ਦੀ ਸਜ਼ਾ ਦਿੰਦੇ ਹਾਂ ਜਿੰਨੀ ਦੇਰ ਤਕ ਉਹ ਮਰ ਨਹੀਂ ਜਾਂਦੇ ਅਤੇ ਅਸੀਂ ਹੁਕਮ ਦਿੰਦੇ ਹਾਂ ਕਿ ਹਰ ਇਕ ਦੀ ਸਾਰੀ ਜਾਇਦਾਦ ਸਰਕਾਰ ਦੁਆਰਾ ਜ਼ਬਤ ਕਰ ਲਈ ਜਾਏ"। ਇਹਨਾਂ 24 ਵਿਚ 17 ਉਹ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਭਾਰਤ ਵਿਚ ਪੈਰ ਰੱਖਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਹਨਾਂ ਦੀ ਭਾਰਤ ਅੰਦਰ ਕਿਸੇ ਵੀ ਗਤੀਵਿਧੀ ਵਿਚ ਕੋਈ ਸ਼ਮੂਲੀਅਤ ਨਹੀਂ ਸੀ।

ਫਾਂਸੀ ਦੀ ਸਜ਼ਾ ਸੁਣਾਏ ਜਾਣ 'ਤੇ ਨਿਧਾਨ ਸਿੰਘ ਚੁੱਘਾ ਨੇ ਜੱਜਾਂ ਨੂੰ ਚਿੜਾਉਂਦਿਆਂ ਕਿਹਾ ਕਿ "ਬੱਸ? ਐਨਾ ਹੀ ਜ਼ੋਰ ਸੀ? ਇਸ ਤੋਂ ਵੱਧ ਸਜ਼ਾ ਨਹੀਂ ਸੀ ਦੇ ਸਕਦੇ? ਅੰਗਰੇਜ਼ਾਂ ਨੂੰ ਵਹਿਮ ਸੀ ਕਿ ਸ਼ਾਇਦ ਨਾਬਰੀ ਖ਼ੌਫ਼ ਅੱਗੇ ਗੋਡੇ ਹੀ ਟੇਕ ਜਾਵੇ। ਜਾਇਦਾਦ ਜ਼ਬਤੀ ਦੀ ਗੱਲ ਸੁਣਕੇ ਕਰਤਾਰ ਸਿੰਘ ਸਰਾਭੇ ਨੇ ਆਪਣੇ ਬੂਟ ਲਾ ਦਿੱਤੇ ਕਿ ਸਰਕਾਰ ਆਪਣਾ ਘਾਟਾ ਪੂਰਾ ਕਰਨ ਲਈ ਇਹ ਬੂਟ ਵੀ ਵੇਚ ਸਕਦੀ ਹੈ। ਜ਼ਮੀਰਾਂ ਨਾ ਵੇਚਣ ਵਾਲਿਆਂ ਪਦਾਰਥੀ ਮੋਹ 'ਚੋਂ ਕਿਵੇਂ ਭਿੱਜਣਾ ਸੀ। ਜਿਨ੍ਹਾਂ ਦਾ ਰੋਮ ਰੋਮ ਕੁਰਬਾਨੀ ਨਾਲ ਭਰਿਆ ਹੋਵੇ ਉਹ ਦੁਨਿਆਵੀ ਚੀਜ਼ਾਂ ਦੇ ਮੱਕੜ ਜਾਲ ਵਿਚ ਨਹੀਂ ਫਸਦੇ।

ਡਿਫੈਂਸ ਆਫ਼ ਇੰਡੀਆ ਐਕਟ ਅਨੁਸਾਰ ਦੋਸ਼ੀਆਂ ਨੂੰ ਕਿਸੇ ਕਚਹਿਰੀ ਵਿਚ ਅਪੀਲ ਕਰਨ ਦਾ ਹੱਕ ਨਹੀਂ ਸੀ। ਉਹ ਕੇਵਲ ਸਰਕਾਰ ਕੋਲ ਰਹਿਮ ਦੀ ਅਪੀਲ ਹੀ ਕਰ ਸਕਦੇ ਸਨ। ਇਸ ਫ਼ੈਸਲੇ ਸੰਬੰਧੀ ਲਾਰਡ ਹਾਰਡਿੰਗ ਕੋਲ ਅਪੀਲ ਕੀਤੀ ਗਈ। ਲਾਰਡ ਹਾਰਡਿੰਗ ਲਈ ਇਹ ਫ਼ੈਸਲਾ ਇਸ ਲਈ ਵੀ ਮੁਸ਼ਕਿਲ ਸੀ ਕਿ ਇਨਾਂ 24 ਵਿਚੋਂ ਕੇਵਲ ਛੇ 'ਤੇ ਕਤਲ ਤੇ ਡਾਕੇ ਦੇ ਦੋਸ਼ ਸਾਬਤ ਸਿੱਧ ਹੋਏ ਸਨ। ਅਖੀਰ ਵਾਇਸਰਾਇ ਦੇ ਹੁਕਮ ਅਨੁਸਾਰ 17 ਮੁਲਜ਼ਮਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ। ਕਰਤਾਰ ਸਿੰਘ ਸਰਾਭਾ ਤੇ ਬਾਬਾ ਕੇਸਰ ਸਿੰਘ ਠੱਠਗੜ੍ਹ ਨੇ ਤਾਂ ਇਹ ਕਹਿੰਦਿਆਂ ਰਹਿਮ ਦੀ ਅਪੀਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਕਿ 'ਕਿਸ ਕੋਲ ਅਪੀਲ ਤੇ ਕਾਹਦੇ ਵਾਸਤੇ? ਇਹਨਾਂ ਜ਼ਾਲਮਾਂ ਅੱਗੇ ਅਪੀਲ ਕਰੀਏ, ਜਿਨ੍ਹਾਂ ਨੂੰ ਅਸੀਂ ਆਪਣੇ ਦੇਸ਼ ਵਿਚ ਇਕ ਪਲ ਭਰ ਵੀ ਨਹੀਂ ਦੇਖਣਾ ਚਾਹੁੰਦੇ'। ਵਾਇਸਰਾਇ ਦਾ ਫ਼ੈਸਲਾ ਇਕ ਤਰ੍ਹਾਂ ਨਾਲ ਅੰਗਰੇਜ਼ੀ ਨਿਆਂ ਤੇ ਸਵਾਲੀਆਂ ਨਿਸ਼ਾਨ ਖੜੇ ਕਰਦਾ ਹੈ। ਪਰ ਜੇਕਰ ਇਸ ਦਾ ਦੂਜਾ ਪਾਸਾ ਦੇਖੀਏ ਤਾਂ ਇਨ੍ਹਾਂ ਬੇਕਸੂਰਾਂ ਨੂੰ ਤਾ ਉਮਰ ਲਈ ਜੇਲ੍ਹੀਂ ਡੱਕ ਦਿੱਤਾ ਗਿਆ। ਜਿਨ੍ਹਾਂ ਵਿਚੋਂ ਕਈ ਜੇਲ੍ਹਾਂ ਅੰਦਰ ਹੀ ਦਮ ਤੋੜ ਗਏ। ਅਖੀਰ ਸੱਤ ਦੇਸ਼ ਭਗਤਾਂ ਨੂੰ ਫਾਂਸੀ ਦਾ ਹੁਕਮ ਹੋਇਆ।


ਸ. ਬਖਸ਼ੀਸ਼ ਸਿੰਘ ਸਪੁੱਤਰ ਸ. ਸੰਤਾ ਸਿੰਘ, ਸ. ਸੁਰੈਣ ਸਿੰਘ ਸਪੁੱਤਰ ਸ. ਬੂੜ ਸਿੰਘ, ਸ. ਸੁਰੈਣ ਸਿੰਘ ਸਪੁੱਤਰ ਸ. ਈਸ਼ਰ ਸਿੰਘ ਤਿੰਨੋਂ ਹੀ ਗਿਲਵਾਲੀ (ਅੰਮ੍ਰਿਤਸਰ) ਦੇ ਸਨ। ਸ. ਜਗਤ ਸਿੰਘ ਸਪੁੱਤਰ ਸ. ਅਰੂੜ ਸਿੰਘ ਪਿੰਡ ਸੁਰ ਸਿੰਘ, ਸ. ਹਰਨਾਮ ਸਿੰਘ ਸਪੁੱਤਰ ਅਰੂੜ ਸਿੰਘ, ਭੱਟੀ ਗੁਰਾਇਆ ( ਸਿਆਲਕੋਟ), ਵਿਸ਼ਨੂੰ ਗਣੇਸ਼ ਪਿੰਗਲੇ ਸਪੁੱਤਰ ਸ਼੍ਰੀ ਗਣੇਸ਼ ਪਿੰਗਲੇ ਪਿੰਡ ਤਾਲੇਗਾਉਂ (ਪੂਨਾ) ਤੇ ਕਰਤਾਰ ਸਿੰਘ ਸਰਾਭਾ ਸਪੁੱਤਰ ਸ੍ਰੀ ਮੰਗਲ ਸਿੰਘ ਪਿੰਡ ਸਰਾਭਾ। ਕਰਤਾਰ ਸਿੰਘ ਸਰਾਭੇ ਨੇ ਜੱਜ ਸਾਹਮਣੇ ਪਹਿਲੇ ਹੀ ਦਿਨ ਸਭ ਕੁਝ ਕਬੂਲ ਕਰ ਲਿਆ ਸੀ। ਉਸ ਨੇ ਛੋਟੀ ਉਮਰ ਦੀ ਆੜ ਵਿਚ ਬਚਣ ਦਾ ਕੋਈ ਹੀਲਾ ਨਹੀਂ ਕੀਤਾ। ਜੱਜਾਂ ਦੀ ਨਜ਼ਰ ਵਿਚ ਉਹ ਸਭ ਤੋਂ ਵੱਧ ਖ਼ਤਰਨਾਕ ਸੀ। ਅਮਰੀਕਾ, ਸਮੁੰਦਰੀ ਸਫ਼ਰ ਤੇ ਭਾਰਤ ਵਿਚਲੇ ਕਿਸੇ ਵੀ ਖੇਤਰ ਦੀ ਕੋਈ ਵੀ ਅਜਿਹੀ ਕਾਰਵਾਈ ਨਹੀਂ ਜਿਸ ਵਿਚ ਉਸ ਨੇ ਆਪਣੀ ਭੂਮਿਕਾ ਅਦਾ ਨਾ ਕੀਤੀ ਹੋਵੇ। ਵਿਸ਼ਨੂੰ ਗਣੇਸ਼ ਪਿੰਗਲੇ 'ਤੇ ਕਤਲ ਜਾਂ ਡਾਕੇ ਦੇ ਨਹੀਂ ਸਗੋਂ ਪੰਜਾਬੀਆਂ ਤੇ ਬੰਗਾਲੀਆਂ ਵਿਚਕਾਰ ਰਾਬਤਾ ਕਾਇਮ ਕਰਾਉਣ ਦੇ ਦੋਸ਼ ਲਗਾਏ ਗਏ। ਪਰ ਮੁਕੱਦਮੇ ਦੀ ਕਾਰਵਾਈ ਦੌਰਾਨ ਉਸ ਦੇ ਨਾਬਰੀ ਵਾਲੇ ਰਵੱਈਆ ਕਾਰਨ ਉਸ ਦੀ ਸਜ਼ਾ ਨਾ ਘਟਾਈ ਗਈ।

ਸ. ਜਗਤ ਸਿੰਘ ਸਾਹਨੇਵਾਲ ਤੇ ਮਨਸੂਰਾਂ ਦੇ ਡਾਕਿਆਂ ਵਿਚ ਸ਼ਾਮਲ ਸੀ। ਬਖਸ਼ੀਸ਼ ਸਿੰਘ ਤੇ ਦੋਵੇਂ ਸੁਰੈਣ ਸਿੰਘਾਂ ਨੇ ਚੱਬੇ ਦੇ ਡਾਕੇ ਵਿਚ ਹਿੱਸਾ ਲਿਆ ਸੀ। ਇਸ ਤਰ੍ਹਾਂ ਹਰਨਾਮ ਸਿੰਘ ਸਿਆਲਕੋਟੀ ਤਿੰਨ ਡਾਕਿਆਂ ਵਿਚ ਸ਼ਾਮਲ ਸੀ। ਜੱਜਾਂ ਨੇ ਇਨ੍ਹਾਂ ਡਾਕਿਆਂ ਦੌਰਾਨ ਹੋਏ ਕਤਲਾਂ ਵਿਚ ਇਨ੍ਹਾਂ ਬੰਦਿਆਂ ਦੇ ਨਿੱਜੀ ਹਿੱਸੇ ਨੂੰ ਵਿਚਾਰਨ ਦੀ ਥਾਂ ਸਭ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ।

16 ਨਵੰਬਰ 1915 ਨੂੰ ਇਹਨਾਂ ਸੂਰਬੀਰਾਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ। ਬਸਤੀਵਾਦੀ ਹਕੂਮਤ ਫਾਂਸੀ ਦੇ ਹੁਕਮ ਰਾਹੀਂ ਬਾਕੀਆਂ ਅੰਦਰ ਭੈ ਪੈਦਾ ਕਰਨਾ ਚਾਹੁੰਦੀ ਸੀ। ਉਹਨਾਂ ਪੜਚੋਲਿਆਂ ਹੀ ਨਹੀਂ ਕਿ ਇਹਨਾਂ ਨੂੰ ਤਾਂ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੀ ਗੁੜ੍ਹਤੀ ਹੈ। ਕਰਤਾਰ ਸਿੰਘ ਸਰਾਭਾ ਤਾਂ ਖ਼ੁਸ਼ੀ ਵਿਚ ਲਬਰੇਜ਼ ਸੀ ਅਤੇ ਅਜਿਹੀ ਭਾਵਨਾ ਉਹ ਸਾਥੀਆਂ ਵਿਚ ਵੀ ਜਗਾਉਂਦਾ ਰਿਹਾ। ਉਸ ਦੇ ਆਖ਼ਰੀ ਬੋਲ ਸ਼ਹੀਦਾਂ ਦੇ ਦ੍ਰਿੜ੍ਹ ਇਰਾਦਿਆਂ ਦੀ ਗਵਾਹੀ ਭਰਦੇ ਹਨ: 'ਸਾਨੂੰ ਜਲਦੀ ਫਾਂਸੀ ਲੱਗੇ, ਤਾਂ ਕਿ ਅਸੀਂ ਜਲਦੀ ਮੁੜ ਜਨਮ ਲੈ ਕੇ ਆਪਣਾ ਕੰਮ ਓਥੋਂ ਸ਼ੁਰੂ ਕਰੀਏ ਜਿੱਥੇ ਅਸੀਂ ਛੱਡ ਚੱਲੇ ਹਾਂ'।

# ਸੱਚ/ਝੂਠ

ਵਰਲਡ ਪੰਜਾਬੀ ਟਾਈਮਜ਼
ਮੰਗਤ ਸਿੰਘ ਲੌਂਗੋਵਾਲ




ਗੁਰ ਚਰਨਾ ਵਿਚ ਕਰਕੇ ਤੂੰ ਅਰਦਾਸ ਤੁਰ ਪਿਆ ਜੇ,,
ਪਿੱਛੇ ਮੁੜ ਕੇ ਵੇਖ ਨਾ ,ਫਤਿਹ ਮੈਦਾਨ ਹੋਣਗੇ।।
ਮੋਹ ਮਾਇਆ ਨੂੰ ਛੱਡ ਕੇ ਸੱਚ ਦੇ ਰਾਹ ਤੇ ਤੁਰਿਆ ਜੇ,,
ਡੋਲੀਂ ਨਾ ਰਾਹ ਤੇਰੇ ਖੜੇ ਸ਼ੈਤਾਨ ਹੋਣਗੇ।।
ਗੁਰਮਤਿ ਗਾਡੀ ਰਾਹ ਝੂਠੇ ਨੂੰ ਰਾਸ ਨਾ ਆਵੇ,,
ਸਬਰੀ ਅਤੇ ਸੰਤੋਖੀ ਹੀ ਪਰਵਾਣ ਹੋਣਗੇ।।
ਇਮਾਨਦਾਰੀ ਨਾਲ ਚੱਲੇਗਾ ਤਾਂ ਰੋੜੇ ਪੈਣੇ ਨੇ,,
ਦੇਖਣ ਦੇ ਵਿੱਚ ਝੂਠੇ ਹੀ ਬਲਵਾਨ ਹੋਣਗੇ ।।
ਆਪਣੇ ਲਈ ਜੇ ਲੜੋਗੇ ਦੁਨੀਆ ਰਾਜੇ ਆਖੂਗੀ,,
ਲੋਕਾਂ ਦੇ ਨਾਲ ਲੜਨ ਲਈ ਬਲੀਦਾਨ ਹੋਣਗੇ ।।
ਸੱਚ ਨੂੰ ਧੁਰ ਤੋਂ ਫਾਂਸੀ ਲੱਗਦੀ ਆਈ ਐ,,
ਝੂਠੇ ਦੇ ਤਾਂ ਦੁਨੀਆਂ ਤੋਂ ਸਨਮਾਨ ਹੋਣਗੇ।।
ਮੁੰਡਿਆਂ ਲਈ ਤਾਂ ਜ਼ਫ਼ਰ ਜਾਲਣੇ ਪੈਂਦੇ ਨੇ ,,
ਧੀਆਂ ਪੈਦਾ ਹੋਣਾ ਤਾਂ ਵਰਦਾਨ ਹੋਣਗੇ ।।
ਝੂਠ ਮਰੂਗਾ ਸੱਚ ਨੇ, ਨਿੱਤਰ ਆਉਣਾ ਐ ਸੱਜਣਾ,,
ਅੰਤ ਸਮੇਂ ਤਾਂ ਸਭ ਦੇ ਲਈ ਸ਼ਮਸ਼ਾਨ ਹੋਣਗੇ।।